# ਦੇਸ਼ ਦੁਆਬਾ

VOL -2 ISSUE - 16
November 16-30, 2013


www.deshdoaba.com
www.ambedkartimes.com


ਅਦਾਰਾ ''ਦੇਸ਼ ਦੁਆਬਾ'' ਅਤੇ
“'ਅੰਬੇਦਕਰ ਟਾਈਮਜ਼'' ਵੱਲੋਂ
ਦੇਸ਼-ਵਿਦੇਸ਼ ਵਿਚ ਵਸਦੀ
ਕੁੱਲ ਲੁਕਾਈ ਨੂੰ ਸਾਹਿਬ ਸ੍ਰੀ
ਗੁਰੂ ਨਾਨਕ ਦੇਵ ਜੀ ਦੇ
ਪ੍ਰਕਾਸ਼ ਦਿਹਾੜੇ ਦੀਆਂ
ਲੱਖ-ਲੱਖ ਵਧਾਈਆਂ




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਯੂਬਾ ਸਿਟੀ ਦਾ ਨਗਰ ਕੀਰਤਨ







(ਤਸਵੀਰਾਂ ਤੇ ਵੇਰਵਾ- ਪ੍ਰੇਮ ਕੁਮਾਰ ਚੁੰਬਰ)

ਹੋਰ ਤਸਵੀਰਾਂ ਦੇਖੋ ਸਫਾ ਨੰਬਰ 3 ਤੇ



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਸੈਣ ਜੀ ਦਾ ਅਵਤਾਰ ਪੁਰਬ ਸ਼ਰਧਾ ਪੂਰਵਕ ਮਨਾਇਆ ਗਿਆ (ਖਬਰ ਦੇਖੋ ਸਫਾ 5 ਤੇ)



ਅਮਰੀਕਾ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਦੀ ਹੀ ਚੜ੍ਹਤ ਬਰਕਰਾਰ! (ਖਬਰ ਦੇਖੋ ਸਫਾ 6 ਤੇ)

# ਅਮੈਰਿਕਨ ਵੈਟਰਨ ਡੇਅ ਪਰੇਡ ਦੌਰਾਨ ਪੰਜਾਬੀ ਭਾਈਚਾਰਾ ਵੀ ਸ਼ਾਮਲ ਹੋਇਆ










ਬੀਤੇ ਸੋਮਵਾਰ 11 ਨਵੰਬਰ ਨੂੰ ਵੈਟਰਨ ਡੇਅ ਮੌਕੇ ਪੂਰੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਸਮਾਗਮ ਕੀਤੇ ਗਏ। ਇਸ ਦੌਰਾਨ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਅਤੇ ਇਸ ਦੇ ਨਾਲ ਲੱਗਦੇ ਸ਼ਹਿਰ ਐਲਕ ਗਰੋਵ ਵਿਖੇ ਵੀ ਵੈਟਰਨ ਡੇਅ ਪਰੇਡ ਆਯੋਜਤਿ ਕੀਤੀਆਂ ਗਈਆਂ, ਇਸ ਮੌਕੇ ਵੈਟਰਨ ਸੰਸਥਾਵਾਂ, ਵਿਦਿਅਕ ਅਤੇ ਸਮਾਜਿਕ ਸੰਸਥਾਵਾਂ ਤੋਂ ਇਲਾਵਾ ਸਮੂਹ ਪੰਜਾਬੀ ਭਾਈਚਾਰੇ ਵੱਲੋਂ ਸ਼ਹੀਦ ਕਾਰਪੋਰਲ ਗੁਰਪ੍ਰੀਤ ਸਿੰਘ ਦੇ ਬੈਨਰ ਹੇਠ ਵੱਡੀ ਗਿਣਤੀ ਵਿਚ ਭਾਈਚਾਰੇ ਨੇ ਇਸ ਪਰੇਡ ਵਿਚ ਆਪਣੀ ਭਰਪੂਰ ਹਾਜ਼ਰੀ ਵੱਖ ਵੱਖ ਸ਼ਹਿਰਾਂ ਵਿਚ ਲਗਵਾਈ। ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਵੱਲੋਂ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਉਹਨਾਂ ਦੇ ਸਾਥੀਆਂ ਨੇ ਵੀ ਇਸ ਪਰੇਡ ਵਿਚ ਸ਼ਿਰਕਤ ਕੀਤੀ। (ਤਸਵੀਰਾਂ ਤੇ ਵੇਰਵਾ- ਪ੍ਰੇਮ ਕੁਮਾਰ ਚੁੰਬਰ)




MAJESTIC HOMES
RAMESH SUMAN
Broker Realtor
RCS-D™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


SAROAY INVESTMENT REALTY
39039 Paseo Padre Parkway Suite # 205 Fremont, CA 94538



Ram Saroay
Broker
Office: (510) 742-8120, Fax: (510) 742-8121
ramsaroay@hotmail.com

# INDIA MARKET

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ


ਕਸ਼ਮੀਰ ਸਿੰਘ ਹੀਰਾ


ਗੁਰਪਾਲ ਬੰਗੜ






We have the largest collection of indian, fijian and pakistani grocery, music, fabric, artificial jewelery and sweets.Fresh vegitable are available here. We do take EBT card.

**5202 Elkhorn Blvd.**
**Sacramento, CA 95842**

WE ACCEPT
FOOD STAMPS
For more information
Call Us :
**916-338-5511**

**1265 Pleasant Grove Blvd. # 100**
**Roseville, California 95747**

---

# Kash FABRICS

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

### ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ
ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ
ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ,
ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ
ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ
ਸਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL
BOUTIQUE
JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**KASH FABRICS**
**ONE STOP SHOPPING CENTER**
29576 Mission Blvd, Hayward, CA 94544
Visit us on the Web at www.kashfabrics.com
**Phone: 510-538-1138**

ਪਹਿਲੀ ਪਾਤਸ਼ਾਹੀ
ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪ੍ਰਕਾਸ਼ ਦਿਹਾੜੇ ਦੀਆਂ



## ਲੱਖ-ਲੱਖ ਮੁਬਾਰਕਾਂ



**ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ**

# ਯੂਬਾ ਸਿਟੀ ਦੇ ਨਗਰ ਕੀਰਤਨ ਦੀਆਂ ਮੁਬਾਰਕਾਂ ਵੱਲੋਂ- ਸੁਮਨ ਅਤੇ ਭਾਟੀਆ ਪਰਿਵਾਰ


















ਫੋਟੋਆਂ- ਪ੍ਰੇਮ ਕੁਮਾਰ ਚੁੰਬਰ



ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ।।
ਤਨੁ ਮਨੁ ਰਾਮ ਪਿਆਰੇ ਜੋਗੁ।। (214)

# ਸਤਿਗੁਰੂ ਨਾਮਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਦੇਸ਼-ਵਿਦੇਸ਼ ਵਿਚ ਵਸਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸਾਰੇ ਗੁਰੂ ਘਰਾਂ ਦੀਆਂ ਸੰਗਤਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਂਝੀ ਸੋਚ ਅਤੇ ਬਰਾਬਰਤਾ ਨੂੰ ਅੱਗੇ ਵਧਾਉਂਦਿਆਂ ਮਨਾਇਆ ਜਾ ਰਿਹਾ ਹੈ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਉਹ ਵੱਧ ਚੜ੍ਹ ਕੇ ਇਹਨਾਂ ਸਮਾਗਮਾਂ ਵਿਚ ਸ਼ਾਮਲ ਹੋਣ।

## ਪ੍ਰੋਗਰਾਮ

**ਅਖੰਡ ਪਾਠ ਆਰੰਭ 29 ਨਵੰਬਰ 2013**

**ਅਖੰਡ ਪਾਠ ਸਾਹਿਬ ਦੇ ਭੋਗ 01 ਦਸੰਬਰ 2013 ਨੂੰ ਪਾਏ ਜਾਣਗੇ**



ਸਤਿਗੁਰੂ ਨਾਮਦੇਵ ਜੀ


ਗੁਰੂ ਘਰ ਦੇ ਮੁੱਖ ਗ੍ਰੰਥੀ ਅਤੇ ਭਾਈ ਹਰਬਲਾਸ ਸਿੰਘ ਝਿੰਗੜਾਂ ਵਾਲੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ ਅਤੇ ਹੋਰ ਵੀ ਗੁਰਮੁਖ ਸੱਜਣ ਸੰਗਤਾਂ ਨਾਲ ਵਿਚਾਰਾਂ ਸਾਂਝੀਆਂ ਕਰਨਗੇ।

**ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ**
**ਸਵਰਗਵਾਸੀ ਸ੍ਰੀ ਸੰਤ ਰਾਮ ਨਰ ਜੀ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਜਾਵੇਗੀ Cell: 559-288-2231**

**S. N. Transport. Selma. 1326 Sarah Street, Selma C.A. 93662**

**Guru Ravidass Temple Selma, 2650 Bline Ave; Selma, CA 93662 (Ph- 559-891-8286)**

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ ਤੇ ਸਮੂਹ ਸੰਗਤ



ਸ੍ਰੀ ਗੁਰੂ ਨਾਨਕ ਦੇਵ ਜੀ

## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸ਼ੁਭ ਅਵਸਰ ਤੇ ਸਮੂਹ ਸਿੱਖ ਜਗਤ ਨੂੰ ਲੱਖ-ਲੱਖ ਵਧਾਈਆਂ

ਪ੍ਰਕਾਸ਼ ਉਤਸਵ ਦਿਨ ਐਤਵਾਰ, 24 ਨਵੰਬਰ 2013 ਨੂੰ ਧੂੰਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਇਸ ਸ਼ੁਭ ਦਿਹਾੜੇ 'ਤੇ ਗੁਰੂ ਘਰ ਆਪਣੀ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਵੱਲੋਂ

# ਸਮੂਹ ਪ੍ਰਬੰਧਕ ਕਮੇਟੀ

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਸੈਣ ਜੀ ਦਾ ਅਵਤਾਰ ਪੁਰਬ ਸ਼ਰਧਾ ਪੂਰਵਕ ਮਨਾਇਆ ਗਿਆ














# Sam's Auto Repair & Services

## Professional Auto Repairs & Services
## BRAKE & LAMP INSPECTION
## Domestic & Foreign Cars

**STAR CERTIFIED TEST & REPAIR STATION**

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ

* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ

* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।

* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।

**649 West Elkhorn Blvd, Suite B**

**Rio Linda, CA 95673**

**(916) 992-9004**


ਯੂਬਾ ਸਿਟੀ (ਦਲਵਿੰਦਰ ਰੱਲੂ) – ਬੀਤੇ ਐਤਵਾਰ ਨਵੰਬਰ 10, 2013 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਪੂਰਵਕ ਸ੍ਰੀ ਗੁਰੂ ਸੈਣ ਜੀ ਦਾ ਅਵਤਾਰ ਪੁਰਬ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸੰਗਤਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਇੱਥੇ ਇਹ ਵਰਣਨਯੋਗ ਹੈ ਕਿ ਭਗਤ ਸੈਣ ਜੀ ਦਾ ਅਵਤਾਰ ਪੁਰਬ ਪਹਿਲੀ ਵਾਰ ਮਨਾਇਆ ਗਿਆ ਹੈ ਅਤੇ ਸਮੂਹ ਕਮੇਟੀ ਅਤੇ ਸੰਗਤਾਂ ਦੇ ਭਰਵੇਂ ਇਕੱਠ ਨੇ ਅੱਜ ਇਹ ਫੈਸਲਾ ਲਿਆ ਕਿ ਭਗਤ ਸੈਣ ਜੀ ਦਾ ਅਵਤਾਰ ਪੁਰਬ ਹਰ ਸਾਲ, ਯੂਬਾ ਸਿਟੀ ਵਿਖੇ ਵਿਸ਼ਾਲ ਨਗਰ ਕੀਰਤਨ ਤੋਂ ਅਗਲੇ ਐਤਵਾਰ ਮਨਾਇਆ ਜਾਵੇਗਾ। ਗੁਰੂ ਘਰ ਵੱਲੋਂ ਮਿੱਥੇ ਪ੍ਰੋਗਰਾਮਾਂ ਅਨੁਸਾਰ 8 ਨਵੰਬਰ ਦਿਨ ਸ਼ੁੱਕਰਵਾਰ ਨੂੰ ਇਸ ਅਵਤਾਰ ਪੁਰਬ ਨਾਲ ਸਬੰਧਤ ਸਾਹਿਬ ਸ੍ਰੀ ਅਖੰਡ ਪਾਠ ਆਰੰਭ ਕੀਤੇ ਗਏ ਤੇ ਸ਼ੁੱਕਰਵਾਰ ਅਤੇ ਸ਼ਨਿਚਰਵਾਰ ਸ਼ਾਮਾਂ ਨੂੰ ਕੀਰਤਨ ਦਰਬਾਰ ਸਜਾਏ ਗਏ। 10 ਨਵੰਬਰ ਦਿਨ ਐਤਵਾਰ ਨੂੰ ਸਾਹਿਬ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਦੇ ਜਥੇ ਨੇ ਸ਼ਬਦ ਗਾਇਨ ਕੀਤਾ ਅਤੇ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਕਥਾਵਾਚਕ ਜੀ (ਯੂਬਾ ਸਿਟੀ ਵਾਲੇ) ਨੇ ਗੁਰੂ ਸੈਨ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਦੱਸ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਤੋਂ ਇਲਾਵਾ ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਗੁਰਬਚਨ ਚੋਪੜਾ, ਸ਼ਾਇਰ ਸ. ਗੁਰਦੀਪ ਸਿੰਘ ਹੀਰਾ ਆਦਿ ਨੇ ਗੁਰੂ ਜੀ ਦੇ ਜੀਵਨ ਤੇ ਮਿਸ਼ਨ ਪ੍ਰਤੀ ਕਵਿਤਾਵਾਂ ਪੜ੍ਹੀਆਂ ਅਤੇ ਆਪਣੇ ਵਿਚਾਰਾਂ ਤੋਂ ਜਾਣੂ ਕਰਵਾਇਆ। ਇਹਨਾਂ ਤੋਂ ਬਾਅਦ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਅਖ਼ਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਨੂੰ ਸਹਿਗੁਰੂ ਭਗਤ ਸੈਨ ਜੀ ਦੇ ਜਿੱਥੇ ਅਵਤਾਰ ਪੁਰਬ ਮਨਾਏ ਜਾਣ ਦੀਆਂ ਵਧਾਈਆਂ ਦਿੱਤੀਆਂ, ਉਥੇ ਉਹਨਾ ਗੁਰੂ ਜੀ ਦੀ ਵਿਚਾਰਧਾਰਾ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਕੈਲੇਫੋਰਨੀਆ ਦੀ ਸਮੂਹ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਵੱਲੋਂ ਗੁਰੂ ਸੈਨ ਜੀ ਦਾ ਪਹਿਲੀ ਵਾਰ ਅਵਤਾਰ ਦਿਹਾੜਾ ਮਨਾਏ ਜਾਣ ਅਤੇ ਅੱਗੋਂ ਤੋਂ ਵੀ ਹਰ ਸਾਲ ਮਨਾਏ ਜਾਣ ਦਾ ਪ੍ਰਣ ਕਰਨਾ ਬਹੁਤ ਹੀ ਸਲਾਹੁਣਯੋਗ ਹੈ। ਇੱਥੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸੱਚੀ ਸ਼ਰਧਾ ਦਾ ਪ੍ਰਪੱਕ ਸਬੂਤ ਦਿਖਾਈ ਦਿੰਦਾ ਹੈ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲੂ ਨੇ ਕਿਹਾ ਕਿ ਅਸੀਂ ਇਸੇ ਤਰ੍ਹਾਂ ਰਲ ਮਿਲ ਕੇ ਜਿਹਨਾਂ ਜਿਹਨਾਂ ਮਹਾਂਪੁਰਸ਼ਾਂ ਦੀ ਬਾਣੀ ਸਾਹਿਬ ਸ੍ਰੀ



ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਹੈ, ਸਮਾਂ ਪਾ ਕੇ ਉਹਨਾਂ ਦੇ ਪ੍ਰਕਾਸ਼ ਦਿਹਾੜੇ ਮਨਾਉਣ ਦੇ ਉਪਰਾਲੇ ਕਰਦੇ ਰਹਾਂਗੇ। ਵਾਹਿਗੁਰੂ ਸਾਨੂੰ ਸਭਨਾਂ ਨੂੰ ਇਸੇ ਤਰ੍ਹਾਂ ਯਾਦ ਕਰਦੇ ਰਹਿਣ ਦਾ ਬਲ ਬਖਸ਼ਣ। ਸਮੂਹ ਪ੍ਰਬੰਧਕ ਕਮੇਟੀ ਵੱਲੋਂ ਇਸ ਸਮਾਗਮ ਵਿਚ ਸਰਵ ਸ੍ਰੀ ਸੁਸ਼ੀਲ ਕੁਮਾਰ (ਵਾਸ਼ਿੰਗਟਨ ਮਾਰਕੀਟ), ਮੋਹਨ ਲਾਲ ਅਤੇ ਟੋਨੀ (ਦੇਸੀ ਹੇਅਰ ਕੱਟ ਵਾਲੇ) ਆਦਿ ਵੱਲੋਂ ਮਿਲੇ ਸੰਪੂਰਨ ਸਹਿਯੋਗ ਲਈ ਕੋਟਿਨ ਕੋਟਿ ਧੰਨਵਾਦ ਕਰਦਿਆਂ ਅੱਗੇ ਤੋਂ ਇਸ ਤਰ੍ਹਾਂ ਸਾਥ ਮਿਲਦੇ ਰਹਿਣ ਦੀ ਉਮੀਦ ਕੀਤੀ। ਇਸ ਦੇ ਨਾਲ ਹੀ "ਤੰਦੂਰ ਇੰਡੀਆ ਰੈਸਟੋਰੈਂਟ" ਹੇਵਰਡ (ਕੈਲੇਫੋਰਨੀਆ) ਦੇ ਮਾਲਕ ਸ੍ਰੀ ਸੁਰਿਦਰ ਕੁਮਾਰ ਕੋਕਾ ਜੀ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ, ਜਿਹਨਾਂ ਲੰਗਰ ਦੀ ਸੇਵਾ ਕੀਤੀ। ਗੁਰੂ ਘਰ ਦੀ ਮ-ਰਆਦਾ ਅਨੁਸਾਰ ਇੰਡੀਆ ਤੋਂ ਆਉਣ ਵਾਲੇ ਪਰਿਵਾਰ ਨੂੰ ਸਨਮਾਨਿਤ ਕਰਨ ਵਿਚ ਸ਼ਾਮਲ ਕਰਦੇ ਅੱਜ ਦੇ ਇਸ ਸਮਾਗਮ ਦੌਰਾਨ ਪਰਿਵਾਰ ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਸਮਾਗਮ ਦੌਰਾਨ ਜਸਪਾਲ ਜੱਸਲ ਤੇ ਉਹਨਾਂ ਦਾ ਪਰਿਵਾਰ ਜੋ ਇਟਲੀ ਤੋਂ ਆਏ, ਉਹਨਾਂ ਦਾ ਸਨਮਾਨ ਕੀਤਾ ਗਿਆ। ਯਾਦ ਰਹੇ ਕਿ ਸ੍ਰੀ ਜਸਪਾਲ ਜੱਸਲ ਸ੍ਰੀ ਪਰਮਜੀਤ ਸਰੋਏ (ਵਰਲਡ ਵਾਈਡ ਟਰੈਵਲਜ਼) ਦੇ ਨਜ਼ਦੀਕੀ ਰਿਸ਼ਤੇਦਾਰ ਹਨ। ਇਸ ਦੇ ਨਾਲ ਹੀ ਇਕ ਹੋਰ ਨਾਮਵਰ ਸ਼ਖਸੀਅਤ ਮਾਸਟਰ ਸ੍ਰੀ ਹਰਮੇਸ਼ ਕੁਮਾਰ ਕਪੂਰ ਸਾਹਿਬ ਜੀ ਨੇ ਪਰਿਵਾਰ ਸਮੇਤ ਗੁਰੂ ਘਰ ਹਾਜ਼ਰੀ ਲਗਵਾਈ, ਜਿਹਨਾਂ ਬਾਰੇ "ਦੇਸ਼ ਦੁਆਬਾ" ਹੋਰ ਜਾਣਕਾਰੀ ਆਉਣ ਵਾਲੇ ਅੰਕਾਂ ਵਿਚ ਸਾਂਝੀ ਕਰਨ ਜਾ ਰਿਹਾ ਹੈ। ਅਖੀਰ ਵਿਚ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਗੁਰੂ ਕੇ ਲੰਗਰ ਅਤੁਟ ਵਰਤਾਏ ਗਏ। ਗੁਰੂ ਘਰ ਦੇ ਖਜਾਨਚੀ ਦਲਵਿੰਦਰ ਰੱਲੂ ਨੇ ਅਖੀਰ ਵਿਚ ਸਭਨਾਂ ਦਾ ਕੋਟਿਨ ਕੋਟਿ ਧੰਨਵਾਦ ਕਰਦਿਆਂ ਸਭਨਾਂ ਨੂੰ ਇਸੇ ਤਰ੍ਹਾਂ ਗੁਰੂ ਘਰ ਨਾਲ ਜੁੜੇ ਰਹਿਣ ਦਾ ਸੱਦਾ ਦਿੱਤਾ ਅਤੇ ਗੁਰੂ ਘਰ ਦੀ ਡਿਵੈਲਪਮੈਂਟ ਲਈ ਸਹਿਯੋਗ ਦਿੰਦੇ ਰਹਿਣ ਦੀ ਬੇਨਤੀ ਕੀਤੀ।

# ਦੇਸ਼ ਦੁਆਬਾ

## "ਦੇਸ਼ ਦੁਆਬਾ" ਵੱਲੋਂ ਪ੍ਰਕਾਸ਼ਿਤ ਪਲੇਠੀ ਪੁਸਤਕ

# "ਕਥਾਵਾਂ ਬਿਸਤ ਦੁਆਬ ਦੀਆਂ"

ਡਾ. ਜਸਵੰਤ ਰਾਏ ਵੱਲੋਂ ਤਿਆਰ ਕੀਤੀ ਪੁਸਤਕ "ਕਥਾਵਾਂ ਬਿਸਤ ਦੁਆਬ ਦੀਆਂ" ਨੂੰ ਛਪਾਉਣ ਉਤੇ ਆਈ ਕੁੱਲ ਲਾਗਤ ਨੂੰ ਆਪਣੇ ਜ਼ੁੰਮੇ ਲੈਂਦਿਆਂ ਪ੍ਰਕਾਸ਼ਿਤ ਕਰਨ 'ਚ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਬੜਾ ਫਖਰ ਮਹਿਸੂਸ ਕਰਦਾ ਹੈ। ਦੁਆਬੇ ਦੀ ਧਰਤੀ ਤੋਂ ਉਠ ਕੇ ਆਏ ਦੁਆਬੀਏ ਚਾਹੇ ਜਿੰਨੀ ਮਰਜ਼ੀ ਦੂਰ ਚਲੇ ਜਾਣ, ਲੇਕਿਨ ਉਹਨਾਂ ਦੀ ਰੂਹ "ਦੇਸ਼ ਦੁਆਬਾ" 'ਚ ਹੀ ਵਸੀ ਰਹਿੰਦੀ ਹੈ। ਇਸ ਗੱਲ ਦਾ ਪ੍ਰਤੱਖ ਸਬੂਤ "ਦੇਸ਼ ਦੁਆਬਾ" ਦੇ ਘੁੱਗ ਵੱਸਦੇ ਪਿੰਡਾਂ ਵਿਚ ਮਹਿਲਨੁਮਾ ਕੋਠੀਆਂ, ਹਵੇਲੀਆਂ ਤੇ ਚੁਬਾਰਿਆਂ ਦੀ ਹੋਂਦ ਜੋ ਕਿ ਐਨ. ਆਰ. ਆਈ. ਭਰਾਵਾਂ ਨੇ ਉਸਾਰੀਆਂ ਹਨ, ਵਿਚੋਂ ਸੌਖਿਆਂ ਹੀ ਮਿਲ ਜਾਂਦਾ ਹੈ।

ਪਰ ਇਹ "ਦੇਸ਼ ਦੁਆਬਾ" ਦੀ ਖਿੱਚ ਜਾਂ ਫਿਰ ਮੋਹ ਹੀ ਕਹਿ ਲਿਆ ਜਾਵੇ, ਜਿਸ ਨੇ ਮੈਨੂੰ ਦੁਆਬੇ ਬਾਰੇ ਲਿਖਣ ਲਈ ਪ੍ਰੇਰਿਆ, ਉਤਸ਼ਾਹਿਤ ਕੀਤਾ। ਇਸ ਪ੍ਰੇਰਨਾ ਸਰੋਤ ਨੇ ਹੀ ਮੈਨੂੰ 2003 ਤੋਂ www.ambedkartimes.com www.ambedkartimes.org www.ambedkartimes.net ਤੇ www.deshdoaba.com ਤੇ ਫਿਰ ਪੰਦਰਾ ਰੋਜ਼ਾ ਨਿਊਜ਼ ਪੇਪਰ "ਅੰਬੇਦਕਰ ਟਾਈਮਜ਼" (ਅੰਗਰੇਜ਼ੀ ਤੇ ਪੰਜਾਬੀ) ਅਤੇ ਪੰਦਰਾਂ ਰੋਜ਼ਾ "ਦੇਸ਼ ਦੁਆਬਾ" ਸਥਾਪਤ ਕਰਨ ਵਿਚ ਲਗਾਈ ਰੱਖਿਆ।

ਜੇਕਰ ਮੈਂ "ਅੰਬੇਦਕਰ ਟਾਈਮਜ਼" ਇੰਗਲਿਸ਼ ਵਿਚ ਲਿਖਤਾਂ ਪੱਖੋਂ ਪਾਏ ਵਿਸ਼ੇਸ਼ ਯੋਗਦਾਨ ਦੀ ਗੱਲ ਕਰਾਂ ਤਾਂ ਸਭ ਤੋਂ ਪਹਿਲਾਂ ਅਤੇ ਉਪਰ ਜਿਸ ਸ਼ਖਸੀਅਤ ਦਾ ਨਾਮ ਆਉਂਦਾ ਹੈ, ਉਹ ਹਨ ਡਾ. ਰੌਣਕੀ ਰਾਮ ਜੀ ।ਡਾਕਟਰ ਸਾਹਿਬ ਲਗ-ਪਗ ਪਿਛਲੇ ਦੋ ਦਹਾਕਿਆਂ ਤੋਂ ਨਿੱਠ ਕੇ ਆਦਿ ਧਰਮ, ਦਲਿਤ ਪਛਾਣ ਅਤੇ ਮੁਕਤੀ ਦੇ ਮਜ਼ਮੂਨਾਂ ਤੇ ਲਗਾਤਾਰ ਖੋਜ ਕਾਰਜ ਕਰਦੇ ਆ ਰਹੇ ਹਨ। ਉਹਨਾਂ ਦੀਆਂ ਇਹਨਾਂ ਵਿਸ਼ਿਆਂ ਨਾਲ ਸਬੰਧਤ ਖੋਜ ਲਿਖਤਾਂ ਨਾਮਵਰ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹ ਮੈਗਜ਼ੀਨ ਕੈਲੇਫੋਰਨੀਆ ਯੂਨੀਵਰਸਿਟੀ ਪ੍ਰੈਸ ਅਤੇ ਕੈਂਬਰੇਜ ਯੂਨੀਵਰਸਿਟੀ ਵਰਗੀਆਂ ਮਹੱਤਵਪੂਰਨ ਪ੍ਰਕਾਸ਼ਨ ਸੰਸਥਾਵਾਂ ਵੱਲੋਂ ਛਾਪੇ ਜਾ ਚੁੱਕੇ ਹਨ।ਡਾ. ਰੌਣਕੀ ਰਾਮ ਜੀ ਨੇ ਦੋ ਕਿਤਾਬਾਂ "ਦਲਿਤ ਚੇਤਨਾ ਸਰੋਤ ਤੇ ਸਰੂਪ", "ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ" ਪੰਜਾਬੀ ਵਿਚ ਇਸ ਵਿਸ਼ੇ ਨਾਲ ਸਬੰਧਤ ਵਿਚਾਰਾਂ ਤੇ ਛਾਪੀਆਂ ਹਨ।

ਹੁਣ ਜੇਕਰ ਮੈਂ "ਦੇਸ਼ ਦੁਆਬਾ" ਦੀ ਗੱਲ ਕਰਾਂ ਤਾਂ ਉਸ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ. ਚੁੰਬਰ ਜੀ ਦਾ ਅਤੀ ਧੰਨਵਾਦੀ ਹਾਂ, ਜਿਹਨਾਂ ਨੇ ਮੈਨੂੰ "ਦੇਸ਼ ਦੁਆਬਾ" ਨਿਊਜ਼ ਪੇਪਰ ਦਾ ਨਾਂ ਰੱਖਣ ਲਈ ਆਪਣਾ ਸੁਝਾਅ ਹੀ ਨਹੀਂ ਦਿੱਤਾ ਬਲਕਿ ਆਪਣੀਆਂ ਅਨਮੋਲ ਲਿਖਤਾਂ ਨਾਲ ਵੀ ਯੋਗਦਾਨ ਪਾਇਆ।ਸ੍ਰੀ ਚੁੰਬਰ ਸਾਹਿਬ ਸਾਬਕਾ ਭਲਾਈ ਅਫਸਰ ਦੀ ਅਫਸਰੀ ਛੱਡ ਕੇ ਦਲਿਤ ਸਮਾਜ ਦੀ ਸੇਵਾ 'ਚ ਪਿਛਲੇ ਲਗ-ਪਗ ਚਾਰ ਦਹਾਕਿਆਂ ਤੋਂ ਸੰਘਰਸ਼ਸ਼ੀਲ ਹਨ ਤੇ ਉਹ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 99ਵੇਂ ਜਨਮ ਦਿਨ ਤੇ ਵਿਸ਼ੇਸ਼ ਤੇ ਪਲੇਠਾ ਸੋਵੀਨਾਰ ਜਨਵਰੀ 1985, ਇਕ ਇਤਿਹਾਸਕ ਦਸਤਾਵੇਜ ਵਜੋਂ ਪੇਸ਼ ਕਰ ਚੁੱਕੇ ਹਨ ਤੇ ਇਸ ਦੇ ਨਾਲ ਹੀ "ਕੌਮੀ ਉਡਾਰੀਆਂ" ਪੰਜਾਬੀ/ ਹਿੰਦੀ/ ਇੰਗਲਿਸ਼ ਮਾਸਿਕ ਮੈਗਜ਼ੀਨ ਉਹਨਾਂ ਦਸੰਬਰ 1985 ਵਿਚ ਸ਼ੁਰੂ ਕੀਤਾ। ਉਹਨਾਂ ਦੁਆਰਾ ਸਥਾਪਤ ਇਹ ਦੋਵੇਂ ਦਸਤਾਵੇਜ਼ ਅਤੇ "ਆਦਿ ਧਰਮ" ਪ੍ਰਤੀ ਉਹਨਾਂ ਦੀਅਡੋਲ ਨਿਸ਼ਟਤਾ ਕਰਕੇਇਕ ਨਿਵੇਕਲੀ ਪਹਿਚਾਣ ਬਣ ਚੁੱਕੇ ਹਨ।

ਇਸ ਦੇ ਨਾਲ ਹੀ ਡਾ. ਜਸਵੰਤ ਰਾਏ ਤੇ ਉਹਨਾਂ ਦੇ ਉਸਤਾਦ ਡਾ. ਕਰਮਜੀਤ ਸਿੰਘ ਜੀ ਦਾ ਨਾਂ ਵੀ "ਦੇਸ਼ ਦੁਆਬਾ" ਦੇ ਪਹਿਲੇ ਲੇਖਕਾਂ 'ਚ ਸ਼ੁਮਾਰ ਹੁੰਦਾ ਹੈ। ਡਾ. ਜਸਵੰਤ ਰਾਏ ਨਾਲ ਜਿੱਥੋਂ ਤੱਕ ਮੇਰਾ ਨਿੱਜੀ ਲਗਾਓ ਉਹਨਾਂ ਦੀਆਂ ਲਿਖਤਾਂ ਖਾਸ ਕਰਕੇ "ਕਥਾਵਾਂ ਬਿਸਤ ਦੁਆਬ ਦੀਆਂ"ਨਾਲ ਸਬੰਧਤ ਪੀ. ਐਚ. ਡੀ. ਕਰਨ ਕਰਕੇ ਹੈ, ਉਥੇ ਇਸ ਕਰਕੇ ਵੀ ਹੈ ਕਿ ਡਾ. ਜਸਵੰਤ ਰਾਏ ਅਤੇ ਡਾ. ਰੌਣਕੀ ਰਾਮ ਜੀ ਇੱਕੋ ਪਿੰਡ ਦੇ ਵਸਨੀਕ ਹਨ। ਇਸ ਪਿੰਡ ਨਾਲ ਇਕ ਹੋਰ ਵੀ ਮੇਰੀ ਗਹਿਰੀ ਦਿਲਚਸਪੀ ਇਸ ਕਰਕੇ ਵੀ ਹੈ ਕਿਉਂ ਕਿ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗ਼ਦਰ ਲਹਿਰ ਦੇ ਸਿਰਕੱਢ ਗਦਰੀ ਬਾਬਾ ਬਾਬੂ ਹਰਨਾਮ ਸਿੰਘ ਜੀ ਵੀ ਇਸੇ ਪਿੰਡ ਦੀ ਮਿੱਟੀ ਦੇ ਜੰਮਪਲ ਹਨ। ਬਾਬੂ ਹਰਨਾਮ ਸਿੰਘ ਜੀ ਦੀ ਸ਼ਖਸੀਅਤ ਦੀ ਉਚਤਾ ਅਤੇ ਦੇਸ ਪ੍ਰੇਮ ਦਾ ਅੰਦਾਜਾ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ 'ਗਦਰ' ਅਖਬਾਰ ਤੋਂ ਵੀ ਪਹਿਲਾਂ ਬਾਬੂ ਜੀ ਨੇ ਵੈਂਨਕੂਵਰ ਦੀ ਧਰਤੀ ਤੋਂ ਜਨਵਰੀ 1910 ਵਿਚ "ਸਵਦੇਸ ਸੇਵਕ" ਨਾਂ ਦਾ ਪਰਚਾ ਸੂਰੂ ਕਰਕੇ ਇੱਕ ਤਰ੍ਹਾਂ ਨਾਲ ਅੰਗਰੇਜੀ ਸਰਕਾਰ ਵਿਰੁੱਧ ਇੰਨਕਲਾਬ ਦੀ ਨੀਂਹ ਰੱਖ ਦਿੱਤੀ ਸੀ।

ਸਾਹਰੀ ਪਿੰਡ ਦੀ ਸਮਾਜ ਅਤੇ ਭਾਰਤ ਦੇਸ਼ ਨੂੰ ਖਾਸਾ ਦੇਣ ਹੈ, ਇਸ ਨੇ ਜਿੱਥੇ ਸਮਾਜ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਆਗੂ ਦਿੱਤੇ ਹਨ, ਉਥੇ ਡਾ. ਰੌਣਕੀ ਰਾਮ ਜੀ ਵਰਗੇ ਵਿਦਵਾਨ ਤੋਂ ਬਾਅਦ ਡਾ. ਜਸਵੰਤ ਰਾਏ ਵਰਗਾ ਸੁਹਿਰਦ ਵਿਅਕਤੀ ਵੀ ਦਿੱਤਾ ਹੈ ਜੋ ਗ਼ਦਰ ਲਹਿਰ, ਆਦਿ-ਧਰਮ ਲਹਿਰ ਅਤੇ ਅੰਬੇਦਕਰ ਮੂਵਮੈਂਟ ਤੋਂ ਇਲਾਵਾ ਪੰਜਾਬੀ ਪੁਰਾਤਨ ਵਿਰਸੇ ਨੂੰ ਸਾਂਭਣ ਤੇ ਉਸ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਣ ਲਈ ਵਚਨਬੱਧ ਦਿਖਾਈ ਦਿੰਦਾ ਹੈ।

ਸੋ "ਦੇਸ਼ ਦੁਆਬਾ" ਨਾਲ ਲੇਖਕ ਵਜੋਂ ਜੁੜੇ ਡਾ. ਜਸਵੰਤ ਰਾਏ ਅਤੇ "ਦੇਸ਼ ਦੁਆਬਾ" ਨੂੰ ਹਮੇਸ਼ਾ ਇਸ ਗੱਲ ਦਾ ਮਾਣ ਰਹੇਗਾ ਕਿ ਜਿੱਥੇ ਡਾ. ਜਸਵੰਤ ਰਾਏ ਦੀ ਇਹ "ਕਥਾਵਾਂ ਬਿਸਤ ਦੁਆਬ ਦੀਆਂ" ਪਲੇਠੀ ਲੋਕ-ਕਥਾ ਪੁਸਤਕ ਹੈ, ਉਥੇ "ਦੇਸ਼ ਦੁਆਬਾ" ਵੱਲੋਂ ਵੀ ਪ੍ਰਕਾਸ਼ਿਤ ਕੀਤੀ ਜਾ ਰਹੀ ਇਹ ਪਲੇਠੀ ਪੁਸਤਕ ਹੋਵੇਗੀ। ਮੈਨੂੰ ਉਮੀਦ ਹੈ ਕਿ ਇਹ ਕਿਤਾਬ ਦੇਸ਼- ਵਿਦੇਸ਼ ਵੱਸੇ ਦੁਆਬਾ ਪ੍ਰੇਮੀਆਂ ਨੂੰ ਆਪਣੀ ਧਰਤੀ ਦੀਆਂ ਲੋਕ ਕਥਾਵਾਂ ਦੇ ਰਾਹੀਂ ਉਹਨਾਂ ਦੀ ਆਪਣੀ ਜੀਵਨ ਜਾਚ ਨੂੰ ਯਾਦ ਕਰਾਏਗੀ ਤੇ ਇਸ ਦੇ ਨਾਲ ਹੀ "ਦੇਸ਼ ਦੁਆਬਾ" ਦੀ ਧਰਤੀ ਦਾ ਮਨਮੋਹਣਾ ਅਤੇ ਮਿੱਠਾ ਸੁਨੇਹਾ ਦੂਰ ਤੱਕ ਪਹੁੰਚਾਏਗੀ।

ਮੈਂ "ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੀਫੋਰਨੀਆ ਯੂ. ਐਸ. ਏ." ਵੱਲੋਂ ਦਿੱਤੇ ਗਏ ਸਹਿਯੋਗ ਦਾ ਅਤੀ ਧੰਨਵਾਦੀ ਹੈ, ਜਿਹਨਾਂ ਅੱਗੇ ਤੋਂ ਵੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

**- ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

# ਅਮਰੀਕਾ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਦੀ ਹੀ ਚੜ੍ਹਤ ਬਰਕਰਾਰ!

## ਇਸ ਮੁੱਦੇ 'ਤੇ ਤੀਜਾ ਸੈਮੀਨਾਰ ਫਰਿਜ਼ਨੋ 'ਚ ਹੋਇਆ ਬੇਹੱਦ ਸਫਲ, ਦੇਸ਼-ਵਿਦੇਸ਼ ਤੋਂ ਮਿਲਿਆ ਜ਼ਬਰਦਸਤ ਹੁੰਗਾਰਾ

ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)- ਖਾਲਸਾ ਪੰਥ ਦੀ ਵਿਲੱਖਣ ਪਹਿਚਾਣ ਦੇ ਪ੍ਰਤੀਕ ਮੂਲ ਨਾਨਕਸ਼ਾਹੀ ਕੈਲੰਡਰ ਦੀ ਮੁੜ ਬਹਾਲੀ 'ਤੇ ਡਟ ਕੇ ਪਹਿਰਾ ਦੇਣ ਵਾਲੀਆਂ ਦੇਸ਼-ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਨੂੰ 'ਕਾਂਗਰਸ ਦੇ ਏਜੰਟ' ਢਾਈ ਟੋਟਰੂ ਜਾਂ ਸ੍ਰੀ ਅਕਾਲ ਤਖਤ ਤੋਂ ਬਾਗੀ ਹੋਣ ਵਾਲੇ ਕਹਿ ਕਹਿ ਕੇ ਭੰਡਿਆ ਜਾਂਦਾ ਹੈ। ਕਦੇ ਉਨ੍ਹਾਂ ਨੂੰ 'ਤਲਬ ਕਰਨ' ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਪ੍ਰੰਤੂ ਲਗਭਗ ਅੱਸੀਆਂ ਕੁ ਸਾਲਾਂ ਤੋਂ ਪੰਥ ਪ੍ਰਵਾਣਤ ਰਹਿਤ ਮਰਿਯਾਦਾ ਤੋਂ ਮੂੰਹ ਮੋੜੀ ਬੈਠੇ ਅਤੇ ਸੰਨ 2003 ਵਿੱਚ ਪੰਥਕ ਜੁਗਤਿ ਅਨੁਸਾਰ ਲਾਗੂ ਹੋਏ ਅਸਲ ਨਾਨਕਸ਼ਾਹੀ ਕੈਲੰਡਰ ਦਾ ਸੱਤ ਸਾਲ ਵਿਰੋਧ ਕਰਦੇ ਰਹੇ ਸਾਧ ਬਾਬਿਆਂ ਉੱਤੇ ਉਪਰੋਕਤ ਲੇਬਲ ਕਿਉਂ ਨਹੀਂ ਚਿਪਕਾਏ ਗਏ? ਉਨ੍ਹਾਂ ਨੂੰ ਕਿਉਂ ਨਹੀਂ ਤਲਬ ਕੀਤਾ ਗਿਆ? ਇਹ ਰੋਹ ਭਰੇ ਸਵਾਲ ਨਿਧੜਕ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ

ਨੁਕਤਿਆਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਉਨ੍ਹਾਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਗੁਰਬਚਨ ਸਿੰਘ ਵਲੋਂ ਵਾਰ-ਵਾਰ ਬਿਆਨ ਬਦਲਣ ਵਾਲੇ ਵੀਡੀਓ ਕਲਿਪਸ ਦਿਖਾ ਕੇ ਸੰਗਤਾਂ ਨੂੰ ਗੰਭੀਰਤਾ ਨਾਲ ਸੋਚਣ ਲਈ ਮਜ਼ਬੂਰ ਕਰ ਦਿੱਤਾ। ਅਖੰਡ ਕੀਰਤਨੀ ਜਥਾ ਯੂ. ਕੇ. ਪ੍ਰਮੁੱਖ ਭਾਈ ਰਜਿੰਦਰ ਸਿੰਘ ਪੁਰੇਵਾਲ ਅਤੇ ਜਨਰਲ ਸਕੱਤਰ ਭਾਈ ਜੋਗਾ ਸਿੰਘ ਵਲੋਂ ਭੇਜਿਆ ਗਿਆ ਲਿਖਤੀ ਸੁਨੇਹਾ ਵੀ ਪੜ੍ਹ ਕੇ ਸੁਣਾਇਆ ਗਿਆ, ਜਿਸ ਵਿੱਚ ਅਖੰਡ ਕੀਰਤਨੀ ਜਥੇ ਦੀਆਂ 20 ਯੂਰਪੀ ਇਕਾਈਆਂ ਵਲੋਂ ਅਸਲ ਨਾਨਕਸ਼ਾਹੀ ਕੈਲੰਡਰ ਦੀ ਹੀ ਪਾਲਣਾ ਕਰਦੇ ਰਹਿਣ ਦਾ ਅਹਿਦ ਬਿਆਨਿਆ ਹੋਇਆ ਸੀ। ਉੱਘੇ ਸਿੱਖ ਸਕਾਲਰ ਭਾਈ ਅਸ਼ੋਕ ਸਿੰਘ ਬਾਗੜੀਆ ਵਲੋਂ ਭੇਜਿਆ ਗਿਆ ਪ੍ਰਵਾਸੀ ਸਿੱਖ ਜਥੇਬੰਦੀਆਂ ਦੀ ਸ਼ਲਾਘਾ ਵਾਲਾ ਪੱਤਰ ਵੀ ਪੜ੍ਹਿਆ ਗਿਆ। ਰੇਡੀਓ 'ਦਿਲ ਆਪਨਾ ਪੰਜਾਬੀ'









ਜੀ ਨੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਜੁੜੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਉਠਾਏ, ਜਿੱਥੇ ਕਿ ਬੀਤੇ 9 ਨਵੰਬਰ ਦਿਨ ਸ਼ਨਿਚਰਵਾਰ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਦੀ ਮੁੜ ਬਹਾਲੀ ਬਾਬਤ ਸੈਮੀਨਾਰ ਆਯੋਜਿਤ ਕੀਤਾ ਗਿਆ। ਬਾਲਟੀਮੋਰ ਅਤੇ ਸਿਆਟਲ ਤੋਂ ਬਾਅਦ ਇਸੇ ਵਿਸ਼ੇ 'ਤੇ ਅਮਰੀਕਾ ਵਿੱਚ ਹੋਣ ਵਾਲਾ ਇਹ ਤੀਸਰਾ ਸੈਮੀਨਾਰ ਵੀ ਸਮੂਹ ਪੰਥਕ ਜਥੇਬੰਦੀਆਂ ਅਤੇ ਸਥਾਨਕ ਸਿੱਖ ਆਗੂਆਂ ਦੇ ਭਰਵੇਂ ਸਹਿਯੋਗ ਨਾਲ ਵਰਲਡ ਸਿੱਖ ਫੈਡਰੇਸ਼ਨ ਵਲੋਂ ਹੀ ਕਰਵਾਇਆ ਗਿਆ।

ਬਾਅਦ ਦੁਪਹਿਰ 3 ਵਜੇ ਸਟੇਜ ਸਕੱਤਰ ਗੁਰਪ੍ਰੀਤ ਸਿੰਘ ਨੇ ਸੰਕੋਚਵੇਂ ਸ਼ਬਦਾਂ ਰਾਹੀਂ ਸੈਮੀਨਾਰ ਦੇ ਵਿਸ਼ੇ ਬਾਰੇ ਜਾਣਕਾਰੀ ਦੇ ਕੇ ਪਹਿਲੇ ਬੁਲਾਰੇ ਡਾ. ਗੁਰਮੀਤ ਸਿੰਘ ਬਰਸਾਲ ਨੂੰ ਸੱਦਾ ਦਿੱਤਾ। ਹੌਲੀ ਹੌਲੀ ਭਰਦੇ ਗਏ ਗੁਰਦੁਆਰਾ ਸਾਹਿਬ ਦੇ ਮੁੱਖ ਦੀਵਾਨ ਹਾਲ ਵਿੱਚ ਚਾਰ ਕੁ ਘੰਟੇ ਚੱਲੇ ਇਸ ਸੰਜ਼ੀਦਾ ਮਾਹੌਲ ਵਾਲੇ ਸਮਾਗਮ ਨੂੰ ਸੰਬੋਧਨ ਕਰਦਿਆਂ ਭਾਈ ਜਸਵੰਤ ਸਿੰਘ ਹੋਠੀ ਪ੍ਰਧਾਨ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਿੱਥੇ ਮੂਲ ਨਾਨਕਸ਼ਾਹੀ ਕੈਲੰਡਰ 'ਤੇ ਲਗਾਤਾਰ ਆਵਾਜ਼ ਬੁਲੰਦ ਕਰ ਰਹੀਆਂ ਸਮੂਹ ਸਿੱਖ ਜਥੇਬੰਦੀਆਂ ਦੀ ਸ਼ਲਾਘਾ ਕੀਤੀ, ਉੱਥੇ ਉਨ੍ਹਾਂ ਦੱਸਿਆ ਕਿ ਏ. ਜੀ. ਪੀ. ਸੀ. ਨਾਲ ਸਬੰਧਿਤ ਸਾਰੇ ਗੁਰਦੁਆਰਿਆਂ ਵਿੱਚ ਅਸਲ ਕੈਲੰਡਰ ਅਨੁਸਾਰ ਹੀ ਇਤਿਹਾਸਕ ਪੁਰਬ ਮਨਾਏ ਜਾਂਦੇ ਹਨ। ਇਸੇ ਸੰਸਥਾ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਬੜੇ ਦਰਦ ਭਰੇ ਸ਼ਬਦਾਂ ਰਾਹੀਂ ਦੱਸਿਆ ਕਿ ਜਦੋਂ ਸੰਨ 2010 ਵਿੱਚ ਅਸਲ ਕੈਲੰਡਰ ਨੂੰ 'ਸੋਧਣ' ਦੀਆਂ ਤਿਆਰੀਆਂ ਹੋ ਰਹੀਆਂ ਸਨ ਤਾਂ ਉਨ੍ਹਾਂ ਪ੍ਰਧਾਨ ਸ਼੍ਰੋਮਣੀ ਕਮੇਟੀ ਸ. ਮੱਕੜ ਨੂੰ ਫੋਨ 'ਤੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਸਖਤ ਮਿਹਨਤ ਨਾਲ ਤਿਆਰ ਹੋਏ ਇਸ ਪੰਥਕ ਕੈਲੰਡਰ ਨਾਲ ਕੋਈ ਛੇੜਛਾੜ ਨਾ ਕੀਤੀ ਜਾਵੇ। ਆਪਣੀ ਬੇਬਸੀ ਦੱਸਦਿਆਂ ਸ. ਮੱਕੜ ਨੇ ਉੱਪ ਮੁੱਖ-ਮੰਤਰੀ ਸੁਖਬੀਰ ਬਾਦਲ ਦਾ ਨਾਂ ਲੈ ਕੇ ਕਿਹਾ ਕਿ ਉਨ੍ਹਾਂ ਨਾਲ ਹੀ ਗੱਲ ਕਰੋ, ਮੇਰੇ ਹੱਥ-ਵੱਸ ਕੁਝ ਨਹੀਂ। ਦਲ ਖਾਲਸਾ ਅਲਾਇੰਸ ਦੇ ਪ੍ਰਮੁੱਖ ਭਾਈ ਪਰਮਜੀਤ ਸਿੰਘ ਦਾਖਾ ਨੇ ਰੋਹ ਭਰੇ ਸ਼ਬਦਾਂ ਰਾਹੀਂ ਸਿੱਖ ਪੰਥ ਦੇ ਕੌਮੀ ਮਸਲਿਆਂ ਵਿੱਚ ਬਿਪਰਵਾਦੀ ਤਾਕਤਾਂ ਦੀ ਘਿਨਾਉਣੀ ਦਖਲ-ਅੰਦਾਜ਼ੀ ਦੀ ਨਿਖੇਧੀ ਕਰਦਿਆਂ ਉਨ੍ਹਾਂ ਬਿਪਰ ਤਾਕਤਾਂ ਦੇ ਹੱਥਠੋਕੇ ਬਣਨ ਵਾਲੇ ਸਿੱਖ ਭਰਾਵਾਂ ਦੀ ਪਛਾਣ ਕਰਨ 'ਤੇ ਜ਼ੋਰ ਦਿੱਤਾ। ਭੂਗੋਲ, ਖਗੋਲ ਅਤੇ ਅੰਕ-ਗਣਿਤ ਦੇ ਮਾਹਰ ਭਾਈ ਸਰਵਜੀਤ ਸਿੰਘ ਸੈਕਰਾਮੈਂਟੋ ਨੇ 'ਸਲਾਈਡ-ਸ਼ੋਅ' ਦੀ ਵਰਤੋਂ ਕਰਦਿਆਂ ਸੂਰਜੀ-ਚੰਦਰਮਾ ਕੈਲੰਡਰਾਂ ਦੇ ਨਾਲ ਨਾਲ ਅਸਲ ਨਾਨਕਸ਼ਾਹੀ ਕੈਲੰਡਰ ਦੀ ਅੰਦਰੂਨੀ ਬਣਤਰ ਦੇ ਅਤਿ-ਮਹੀਨ

ਦੇ ਮਨਜੀਤ ਸਿੰਘ ਪੱਤੜ ਅਤੇ ਸਾਥੀਆਂ ਵਲੋਂ ਸੰਨ 2014 ਲਈ ਨਵਾਂ ਨਾਨਕਸ਼ਾਹੀ ਕੈਲੰਡਰ ਭਾਰੀ ਗਿਣਤੀ 'ਚ ਵੰਡਿਆ ਗਿਆ।

ਹੋਰਨਾਂ ਤੋਂ ਇਲਾਵਾ ਇਸ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਸ਼ਾਮਲ ਸਨ - ਡਾ. ਗੁਰੂਮੇਲ ਸਿੰਘ ਸਿੱਧੂ, ਵਰਿੰਦਰ ਸਿੰਘ ਐਲ. ਏ., ਰੇਸ਼ਮ ਸਿੰਘ ਅਕਾਲੀ ਦਲ ਮਾਨ, ਪ੍ਰੋ. ਮੱਖਣ ਸਿੰਘ, ਡਾ. ਨਵਨੀਤ ਸਿੰਘ, ਮਹਿੰਦਰ ਸਿੰਘ ਗਰੇਵਾਲ ਗੁਰਦੁਆਰਾ ਅਨੰਦਗੜ੍ਹ ਕਰਮਨ, ਅਮਰੀਕ ਸਿੰਘ ਵਿਰਕ ਜਨਰਲ ਸਕੱਤਰ ਸੈਂਟਰਲ ਕੈਲੇਫੋਰਨੀਆ ਸਿੱਖ ਕੌਂਸਲ, ਅਵਤਾਰ ਸਿੰਘ ਧਾਮੀ ਸਿੱਖ ਸਕਾਲਰ, ਸਮਰਵੀਰ ਸਿੰਘ ਵਿਰਕ, ਚਮਕੌਰ ਸਿੰਘ ਫਰਿਜ਼ਨੋ, ਅਵਤਾਰ ਸਿੰਘ ਮਿਸ਼ਨਰੀ, ਹਰਬਖਸ਼ ਸਿੰਘ ਰਾਊ ਕੇ, ਸ਼ਾਇਰ ਕੁਲਦੀਪ ਸਿੰਘ ਢੀਂਡਸਾ, ਸੁਦੇਸ਼ ਸਿੰਘ ਅਟਵਾਲ, ਜਸਵੀਰ ਸਿੰਘ ਤੱਖਰ, ਜਸਵਿੰਦਰ ਸਿੰਘ ਸੰਘੇੜਾ, ਕੁਲਦੀਪ ਸਿੰਘ ਯੂਬਾ ਸਿਟੀ, ਅਵਤਾਰ ਸਿੰਘ ਲੌਂਡ੍ਹਾਈ ਅਤੇ ਤਰਲੋਚਨ ਸਿੰਘ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ। ਭਾਈ ਗੁਰਨੇਕ ਸਿੰਘ ਅਤੇ ਬੀਬੀ ਕਮਲਜੀਤ ਕੌਰ ਲੈਥਰੋਪ ਨੇ ਮਤੇ ਪੜ੍ਹੇ, ਜਿਨ੍ਹਾਂ ਵਿੱਚ ਦੇਸ਼-ਵਿਦੇਸ਼ ਦੀਆਂ ਜਾਗਰੂਕ ਸਿੱਖ ਸਭਾ-ਸੁਸਾਇਟੀਆਂ ਅਤੇ ਸਿੱਖ ਸੰਗਤਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਣਾਈ ਰੱਖਣ ਦੀ ਅਪੀਲ ਕੀਤੀ ਗਈ ਹੈ। ਇੱਕ ਵੱਖਰੇ ਮਤੇ ਰਾਹੀਂ ਭਾਈ ਬਲਵੰਤ ਸਿੰਘ ਨੰਦਗੜ੍ਹ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਦੀ ਭਰਵੀਂ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਮੂਲ ਨਾਨਕਸ਼ਾਹੀ ਕੈਲੰਡਰ ਦੀ ਮੁੜ ਬਹਾਲੀ ਵਾਸਤੇ ਪ੍ਰਭਾਵਸ਼ਾਲੀ ਰੋਲ ਅਦਾ ਕਰਨ।

ਇੱਕ ਹੋਰ ਮਤੇ ਰਾਹੀਂ ਦੇਸ਼ ਵਿਦੇਸ਼ ਦੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਨੂੰ ਹਾਰਦਿਕ ਅਪੀਲ ਕੀਤੀ ਗਈ ਕਿ ਉਹ ਸੌੜੇ ਸਿਆਸੀ ਹਿਤਾਂ ਤੋਂ ਉੱਪਰ ਉੱਠ ਕੇ ਇਸ ਕੌਮੀ ਕਾਜ਼ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਆਪਣੀਆਂ ਕੈਲੰਡਰ ਸਬੰਧੀ ਭਾਵਨਾਵਾਂ ਲਿਖਤੀ ਰੂਪ ਵਿੱਚ ਭੇਜਣ। ਹਾਜ਼ਰ ਸੰਗਤਾਂ ਨੇ ਬਾਹਾਂ ਖੜ੍ਹੀਆਂ ਕਰਕੇ ਜ਼ੋਸ਼ 'ਚ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗਜਾਉਂਦਿਆਂ ਮਤਿਆਂ ਨੂੰ ਪ੍ਰਵਾਨਗੀ ਦਿੱਤੀ।

ਇਸ ਮੌਕੇ ਵਰਲਡ ਸਿੱਖ ਫੈਡਰੇਸ਼ਨ ਨੇ ਹਰਮਿੰਦਰ ਸਿੰਘ ਸੇਖਾ ਅਤੇ ਸਾਥੀਆਂ ਵਲੋਂ ਸਟਾਲ ਵੀ ਲਾਇਆ ਗਿਆ, ਜਿੱਥੇ ਭੇਟਾ ਰਹਿਤ ਸੀ. ਡੀਆਂ, ਡੀ. ਵੀ. ਡੀ., ਗੁਰਮਤਿ ਸਾਹਿਤ ਅਤੇ ਨਵੇਂ ਵਰ੍ਹੇ ਦਾ ਮੂਲ ਨਾਨਕਸ਼ਾਹੀ ਕੈਲੰਡਰ ਵੀ ਭਾਰੀ ਗਿਣਤੀ 'ਚ ਵੰਡਿਆ ਗਿਆ। ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਦੇ ਪ੍ਰਬੰਧਕਾਂ ਦੀ ਇਸ ਕੌਮੀ ਕਾਰਜ ਨੂੰ ਬਾਖੂਬੀ ਨੇਪਰੇ ਚਾੜ੍ਹਨ ਲਈ ਬੁਲਾਰਿਆਂ ਨੇ ਭਰਵੀਂ ਸ਼ਲਾਘਾ ਕੀਤੀ।




ਬੀਤੀ 9 ਨਵੰਬਰ ਨੂੰ ਆਯੋਜਿਤ 'ਅਣਖੀਲੇ ਗੱਭਰੂ ਫਰਾਮ ਸੈਕਰਾਮੈਂਟੋ' ਪ੍ਰੋਗਰਾਮ ਵਿਚ ਕੈਲੀਫਰਨੀਆ ਦੀ ਟੀਮ ਨੇ 'ਭੰਗੜਾ ਸਟੇਟ ਆਫ ਮਾਈਂਡ' ਜਿੱਤਿਆ। ਤਸਵੀਰ ਵਿਚ ਕੈਲੀਫੋਰਨੀਆ ਦੀ ਭੰਗੜਾ ਟੀਮ ਨਜ਼ਰ ਆ ਰਹੀ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਤਿਗੁਰ ਨਾਨਕ ਪ੍ਰਗਟਿਆ



**ਐਮ. ਐਸ. ਸਹੂੰਗੜਾ**

ਸਮੁੱਚੀ ਮਨੁੱਖਤਾ ਦੇ ਮਸੀਹੇ, ਇਨਕਲਾਬੀ ਰਹਿਬਰ, ਰੱਬੀ ਜੋਤ, ਅਦੁਤੀ ਸ਼ਖਸ਼ੀਅਤ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ 540ਵੇਂ ਅਵਤਾਰ ਧਾਰਨ ਦਿਵਸ ਦੀਆਂ ਸਮੁੱਚੇ ਸੰਸਾਰ ਨੂੰ ਲੱਖ ਲੱਖ ਮੁਬਾਰਕਾਂ।

ਗੁਰੂ ਨਾਨਕ ਦੇਵ ਜੀ ਦਾ ਆਗਮਨ 15 ਅਪਰੈਲ 1469 (ਕੁਝ ਵਿਦਵਾਨ ਇਸ ਨੂੰ 20 ਅਕਤੂਬਰ 1469 ਵੀ ਗਿਣਦੇ ਹਨ) ਨੂੰ ਲਾਹੌਰ ਦੇ ਨੇੜੇ ਕੋਈ ਲੱਗਭੱਗ 65 ਕਿਲੋਮੀਟਰ ਦੂਰ ਸ਼ੇਖੂਪੁਰਾ ਜ਼ਿਲ੍ਹੇ ਦੇ ਪਿੰਡ ਰਾਇ ਭੋਇੰ ਦੀ ਤਲਵੰਡੀ ਵਿਖੇ ਹੋਇਆ ਜੋ ਕਿ ਹੁਣ ਨਨਕਾਣਾ ਸਾਹਿਬ ਦੇ ਨਾਮ ਨਾਲ ਮਸ਼ਹੂਰ ਹੈ ਜਿੱਥੇ ਗੁਰਦੁਆਰਾ ਜਨਮ ਅਸਥਾਨ ਸਾਹਿਬ ਸੁਸ਼ੋਭਿਤ ਹੈ। ਆਪ ਜੀ ਦੀ ਮਾਤਾ ਜੀ ਦਾ ਨਾਮ ਤ੍ਰਿਪਤਾ ਦੇਵੀ ਅਤੇ ਪਿਤਾ ਜੀ ਦਾ ਨਾਮ ਮਹਿਤਾ ਕਲਿਆਣ ਦਾਸ ਬੇਦੀ ਸੀ ਜੋ ਕਿ ਮੁਸਲਿਮ ਰਜਵਾੜੇ ਰਾਇ ਬੁਲਾਰ ਭੱਟੀ ਦੇ ਰਾਜ ਵਿਚ ਪਟਵਾਰੀ ਦੀ ਨੌਕਰੀ ਕਰਦੇ ਸਨ, ਇਹੀ ਰਾਇ ਬੁਲਾਰ ਗੁਰੂ ਜੀ ਦਾ ਸ਼ਰਧਾਲੂ ਵੀ ਹੋਇਆ। ਗੁਰੂ ਜੀ ਦੇ ਸਾਥੀ ਭਾਈ ਬਾਲਾ ਤੇ ਮਰਦਾਨਾ ਸਨ। ਬਚਪਨ ਤੋਂ ਹੀ ਗੁਰੂ ਜੀ ਨੇ ਬਹੁਤ ਅਲੌਕਿਕ ਕਰਤਵ ਦਿਖਾਏ ਜਿਸਦਾ ਪ੍ਰਤੱਖ ਸਬੂਤ ਪਾਂਡੇ ਕੋਲ ਪੜ੍ਹਨ ਭੇਜਣਾ ਤੇ ਪਾਂਧੇ ਨੂੰ ਉਪਦੇਸ਼ ਦੇਣ ਤੋਂ ਮਿਲਦਾ ਹੈ। ਇਸਤੋਂ ਬਾਅਦ ਜਨੇਊ ਧਾਰਨ ਦੀ ਰਸਮ ਵੇਲੇ ਵੀ ਆਪ ਜੀ ਨੇ ਸਭ ਨੂੰ ਹੈਰਾਨ ਕਰ ਦਿੱਤਾ ਤੇ ਅਜਿਹੇ ਜਨੇਊ ਦੀ ਮੰਗ ਕੀਤੀ ਜੋ ਕਦੇ ਵੀ ਮੈਲਾ ਨਾ ਹੋਵੇ ਤੇ ਕਦੇ ਵੀ ਨਾ ਟੁੱਟੇ ਜਿਸਤੇ ਪੁਰੋਹਿਤ ਨਿਰਉੱਤਰ ਹੋ ਗਿਆ।

ਸੱਤ ਸਾਲ ਦੀ ਛੋਟੀ ਜਿਹੀ ਉਮਰੇ ਉਹਨਾਂ ਨੇ ਹਿੰਦੀ ਤੇ ਸੰਸਕ੍ਰਿਤ ਦੀ ਵਿੱਦਿਆ ਪ੍ਰਾਪਤ ਕੀਤੀ, ਆਪ ਜੀ ਦੀ ਸਿੱਖਣ ਦੀ ਯੋਗਤਾ ਤੋਂ ਸਾਰੇ ਹੈਰਾਨ ਸਨ। ਆਪ ਜੀ ਨੇ 13 ਸਾਲ ਦੀ ਉਮਰੇ ਹੀ ਪਾਰਸੀ, ਅਰਬੀ ਤੇ ਫਾਰਸੀ ਭਾਸ਼ਾ ਦਾ ਗਿਆਨ ਪ੍ਰਾਪਤ ਕਰ ਲਿਆ ਸੀ। 16 ਸਾਲ ਦੀ ਉਮਰੇ ਹੀ ਗੁਰੂ ਜੀ ਉਸ ਸਮੇਂ ਦੇ ਸਭ ਤੋਂ ਜ਼ਿਆਦਾ ਗਿਆਨੀ ਪੁਰਸ਼ ਮੰਨੇ ਜਾਣ ਲੱਗੇ ਸਨ।

ਭਾਈ ਮਰਦਾਨੇ ਦਾ ਜਨਮ ਵੀ ਰਾਇ ਭੋਇ ਦੀ ਤਲਵੰਡੀ ਵਿਖੇ ਹੀ 1459 ਨੂੰ ਹੋਇਆ ,ਆਪ ਗੁਰੂ ਜੀ ਤੋਂ ਉਮਰ ਵਿਚ ਨੌਂ ਸਾਲ ਵੱਡੇ ਸਨ,ਆਪ ਨੇ ਗੁਰੂ ਜੀ ਦਾ ਪੂਰੇ ਸੰਤਾਲੀ ਸਾਲ ਸਾਥ ਦਿੱਤਾ। ਭਾਈ ਮਰਦਾਨੇ ਦਾ ਖਾਨਦਾਨ ਗਾਉਣ ਵਜਾਉਣ ਅਤੇ ਲੋਕਾਂ ਦੀਆਂ ਚਿੱਠੀਆਂ, ਸੁਨੇਹੇ ਪੁਜਾਉਣ ਦਾ ਕੰਮ ਕਰਦਾ ਸੀ ਪਰ ਜਿਉਂ ਹੀ ਭਾਈ ਮਰਦਾਨੇ ਦੀ ਮੁਲਾਕਾਤ ਗੁਰੂ ਜੀ ਨਾਲ ਹੋਈ, ਆਪ ਗੁਰੂ ਜੀ ਦੀ ਸ਼ਖਸ਼ੀਅਤ ਤੋਂ ਇਤਨਾ ਪ੍ਰਭਾਵਿਤ ਹੋਏ ਕਿ ਬੱਸ ਗੁਰੂ ਜੀ ਦੇ ਹੀ ਹੋ ਕੇ ਰਹਿ ਗਏ,ਇਹਨਾਂ ਨੇ ਗੁਰੂ ਜੀ ਦੁਆਰਾ ਉਚਾਰਨ ਕੀਤੀ ਹੋਈ ਬਾਣੀ ਨੂੰ ਨਿਰਧਾਰਤ ਰਾਗਾਂ ਵਿੱਚ ਹੀ ਗਾਇਆ, ਜੋ ਕਿ ਆਪ ਜੀ ਦੇ ਉਚਕੋਟੀ ਦੇ ਗਵੱਈਏ ਹੋਣ ਦਾ ਪ੍ਰਤੱਖ ਸਬੂਤ ਹੈ। ਗੁਰੂ ਜੀ ਦੇ ਦੂਸਰੇ ਸਾਥੀ ਭਾਈ ਬਾਲਾ ਜੀ ਸਨ ਜਿਹਨਾਂ ਦਾ ਜਨਮ ਵੀ 1466 ਨੂੰ ਰਾਇ ਭੋਇੰ ਦੀ ਤਲਵੰਡੀ ਵਿਖੇ ਹੀ ਹੋਇਆ, ਆਪ ਵੀ ਗਵੱਈਏ ਸਨ ਜੋ ਕਿ ਗੁਰੂ ਜੀ ਦੇ ਉਚਰੇ ਹੋਏ ਪਵਿੱਤਰ ਸ਼ਬਦਾਂ ਨੂੰ ਗਾਉਣ ਵਿਚ ਭਾਈ ਮਰਦਾਨਾ ਜੀ ਦੀ ਮੱਦਦ ਕਰਦੇ ਸਨ। ਆਪ ਜੀ ਨੇ ਗੁਰੂ ਜੀ ਨਾਲ ਚੀਨ, ਮੱਕਾ ਅਤੇ ਭਾਰਤ ਵਿਚ ਵੱਖ-ਵੱਖ ਥਾਵਾਂ ਦੀਆਂ ਯਾਤਰਾਵਾਂ ਕੀਤੀਆਂ।

ਗੁਰੂ ਜੀ ਦੀ ਭੈਣ ਜੀ ਦਾ ਨਾਮ ਬੇਬੇ ਨਾਨਕੀ ਸੀ ਜੋ ਕਿ ਸੁਲਤਾਨਪੁਰ ਵਿਖੇ ਵਿਆਹੇ ਹੋਏ ਸਨ। ਗੁਰੂ ਜੀ ਦੇ ਜਨਮ ਸਮੇਂ ਇਹ ਸਮਾਜ ਜਾਤ ਪਾਤ ਵਰਗੀ ਭਿਆਨਕ ਬਿਮਾਰੀ ਨਾਲ ਗ੍ਰਸ ਚੁੱਕਾ ਸੀ, ਹਰ ਪਾਸੇ ਨਫਰਤ ,ਛੂਆ ਛਾਤ ਦਾ ਬੋਲਬਾਲਾ ਸੀ, ਪੂਰਾ ਸਮਾਜ ਵਰਣ ਆਸ਼ਰਮ ਵਿਵਸਥਾ ਦੀਆਂ ਘੁੰਮਣਘੇਰੀਆਂ ਵਿੱਚ ਘਿਰਿਆ ਹੋਇਆ ਸੀ। ਨੀਵੀਆਂ ਜਾਤੀਆਂ ਦਾ ਜੀਵਨ ਨਰਕ ਹੋ ਚੁੱਕਾ ਸੀ ਅਜਿਹੇ ਸਮੇਂ ਵਿੱਚ ਗੁਰੂ ਜੀ ਨੇ ਬਰਾਹਮਣਵਾਦ ਨੂੰ ਨਕਾਰ ਕੇ ਦੱਬੇ ਕੁਚਲੇ ਤੇ ਲਤਾੜੇ ਹੋਏ ਲੋਕਾਂ ਦੀ ਬਾਂਹ ਫੜੀ ਤੇ ਆਪਣੀ ਬਾਣੀ ਵਿਚ ਇੰਝ ਫੁਰਮਾਇਆ:-

ਨੀਚਾਂ ਅੰਦਰੁ ਨੀਚ ਜਾਤਿ ਨੀਚੀ ਹੂ ਅਤਿ ਨੀਚ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨੁ ਤਿਥੈ ਨਦਰਿ ਤੇਰੀ ਬਖਸੀਸੁ ॥
(ਗੁਰੂ ਗ੍ਰੰਥ ਸਾਹਿਬ ਪੰਨਾ 15)

ਧਰਮ ਦੇ ਆਗੂ, ਕਾਜੀ ਬਰਾਹਮਣ ਅਤੇ ਜੋਗੀ ਪੂਰੀ ਲੋਕਾਈ ਨੂੰ ਕੋਈ ਸਹੀ ਸੇਧ ਦੇਣ ਦੀ ਬਜਾਇ ਸਮਾਜ ਨੂੰ ਕੁਰਾਹੇ ਪਾ ਰਹੇ ਸਨ ,ਦੇਸ਼ ਦੀ ਆਰਥਿਕ ,ਸਮਾਜਿਕ ਤੇ ਧਾਰਮਿਕ ਹਾਲਾਤ ਨਿੱਘਰੇ ਹੋਏ ਸਨ , ਗੁਰੂ ਜੀ ਦੇ ਜਨਮ ਸਬੰਧੀ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਇੰਝ ਲਿਖਿਆ ਹੈ:-

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ।।
(ਵਾਰ 1 ਪਉੜੀ 27)

ਭਾਵ ਜਿਵੇਂ ਸੂਰਜ ਦੇ ਪ੍ਰਕਾਸ਼ ਹੋਣ ਨਾਲ ਹਰ ਕੋਨੇ ਵਿਚ ਪਸਰਿਆ ਹਨੇਰਾ ਤੇ ਧੁੰਦ ਖਤਮ ਹੋ ਜਾਂਦੇ ਹਨ, ਤੇ ਹਰ ਪਾਸੇ ਰੁਸ਼ਨਾਈ ਹੀ ਰੁਸ਼ਨਾਈ ਹੋ ਜਾਂਦੀ ਹੈ। ਗੁਰੂ ਸਾਹਿਬ ਦੇ ਆਗਮਨ ਨਾਲ ਕਲਯੁੱਗ ਵਿਚ ਨਾਮ, ਧਰਮ ਦੀ ਚਰਚਾ ਛਿੜ ਗਈ, ਤੇ ਚਾਰੇ ਪਾਸੇ ਆਪ ਜੀ ਦੀ ਅਦੁਤੀ ਸ਼ਖਸ਼ੀਅਤ ਦੀ ਰੁਸ਼ਨਾਈ ਫੈਲ ਗਈ ਜਿਸਦਾ ਵਰਨਣ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾਂ 1387 ਤੇ ਇੰਝ ਕੀਤਾ ਗਿਆ ਹੈ:-

ਬਲਿਓ ਚਰਾਗੁ ਅੰਧਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥ ਪ੍ਰਗਟ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੂ ਪਾਰਬ੍ਰਹਮ।।

ਗੁਰੂ ਜੀ ਨੇ ਕਰਮ ਕਾਂਡਾਂ, ਉਚ ਨੀਚ, ਮੂਰਤੀ ਪੂਜਾ, ਯੱਗਾਂ, ਵਰਤਾਂ ਨੂੰ ਆਪਣੀ ਉਚੀ ਸੁੱਚੀ ਸੋਚ ਤੇ ਬਾਣੀ ਰਾਹੀ ਨਕਾਰਾਤਮਕ ਸਾਬਤ ਕੀਤਾ। ਗੁਰੂ ਜੀ ਦੇ ਅਵਤਾਰ ਧਾਰਨ ਦੇ ਨਾਲ ਹੀ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਗਈ, ਅਗਿਆਨਤਾ ਦਾ ਅੰਧੇਰਾ ਛਟਣ ਲੱਗਾ ਨਵਾਂ ਰਾਗ ਬੋਧ ਸੰਗੀਤ ਫਿਜਾ ਵਿਚ ਹਰ ਪਾਸੇ ਵੱਜਣ ਲੱਗਾ। ਗੁਰੂ ਜੀ ਨੇ ਰੱਜ ਕੇ ਬ੍ਰਾਹਮਣਵਾਦ ਦਾ ਵਿਰੋਧ ਕੀਤਾ ਕਾਜੀਆਂ ਬ੍ਰਾਹਮਣਾਂ ਦੇ ਕਿਰਦਾਰ 'ਤੇ ਕਿੰਤੂ ਕੀਤਾ ਤੇ ਨਿੰਦਿਆ ਅਤੇ ਆਪਣੀ ਬਾਣੀ ਵਿਚ ਇੰਝ ਲਿਖਿਆ- ਕਾਦੀ ਕੂੜ ਬੋਲਿ ਮਲੁ ਖਾਇ ॥ ਬ੍ਰਾਹਮਣ ਨਾਵੈ ਜੀਆ ਘਾਇ ॥ ਜੋਗੀ ਜੁਗਤ ਨ ਜਾਣੈ ਅੰਧੁ।। ਤੀਨੇ ਉਜਾੜੇ ਕਾ ਬੰਧੁ ॥
( ਗੁਰੂ ਗ੍ਰੰਥ ਸਾਹਿਬ ਜੀ ਪੰਨਾ 662)

ਗੁਰੂ ਜੀ ਨੇ ਜਿੱਥੇ ਨਾਮ ਸਿਮਰਨ ਤੇ ਸੱਚੀ ਸੁੱਚੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਉਥੇ ਉਸ ਪ੍ਰਮਾਤਮਾ ਦੀ ਹੋਂਦ ਨੂੰ ਇਸੇ ਮਨੁੱਖੀ ਸਰੀਰ ਅੰਦਰ ਹੀ ਮੌਜੂਦ ਹੋਣ ਦਾ ਸੰਦੇਸ਼ ਦਿੰਦੇ ਹੋਏ ਕਿਹਾ ਕਿ ਪ੍ਰਮੇਸ਼ਰ ਇਨਸਾਨ ਦੇ ਦਿਲ ਵਿਚ ਹੀ ਨਿਵਾਸ ਕਰਦਾ ਹੈ ਪਰ ਲੋੜ ਸਿਰਫ ਉਸਨੂੰ ਪਛਾਨਣ ਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਾਡੇ ਸਰੀਰ ਦੇ ਅੰਦਰ ਹੀ ਉਸ ਪ੍ਰਮੇਸ਼ਰ ਦੇ ਰਹਿਣ ਦਾ ਅਸਲ ਮੰਦਿਰ ਹੈ ਤੇ ਇਸ ਸਰੀਰ ਦੇ ਅੰਦਰ ਹੀ ਇਸ ਮੰਦਰ ਵਿਚ ਦਾਖਲ ਹੋਣ ਦਾ ਬੂਹਾ ਹੈ। ਇਹ ਕਾਇਆ ਇੱਕ ਮਾਨੋ ਕਿਲਾ ਹੈ ਜਿਸ ਵਿੱਚ ਉਹ ਸੱਚਾ ਪ੍ਰਭੂ ਆਪਣੇ ਸੁਲਤਾਨੀ ਤਖਤ ਉਤੇ ਬਿਰਾਜਮਾਨ ਹੈ। ਇਸੇ ਕਾਇਆ ਦੇ ਅੰਦਰ ਹੀ ਚੌਦਾਂ ਭਵਨ ਅਤੇ ਚੰਦਰਮਾਂ , ਸੂਰਜ ਤੇ ਪ੍ਰਮਾਤਮਾ ਅਤੇ ਉਸਦਾ ਅਮੋਲਕ ਧੰਨ ਵੀ ਮੌਜੂਦ ਹੈ। ਜੋ ਲੋਕ ਗੁਰਮੁਖਾਂ ਦੀ ਮੱਤ ਉੱਤੇ ਚੱਲ ਕੇ ਅੰਦਰ ਜਾਂਦੇ ਹਨ ਉਹ ਮਾਇਆ ਦੀ ਹਰ ਤਰਾਂ ਦੀ ਜ਼ਹਿਰ ਤੋਂ ਬਚ ਜਾਂਦੇ ਹਨ ਅਤੇ ਉਹਨਾਂ ਨੂੰ ਅੰਦਰੋਂ ਹੀ ਪ੍ਰਮਾਤਮਾ ਰੂਪੀ ਅਸਲ ਧੰਨ ਪ੍ਰਾਪਤ ਹੋ ਜਾਂਦਾ ਹੈ-

ਘਰੁ ਦਰੁ ਮੰਦਰੁ ਜਾਣੈ ਸੋਈ।।
ਜਿਸੁ ਪੂਰੇ ਗੁਰ ਤੇ ਸੋਝੀ ਹੋਈ।।
ਕਾਇਆ ਗੜ ਮਹਲ ਮਹਲੀ ਪ੍ਰਭੁ
ਸਾਚਾ ਸਚੁ ਸਾਚਾ ਤਖਤੁ ਰਚਾਇਆ ॥
ਚਤੁਰ ਦਸ ਹਾਟ ਦੀਵੇ ਦੁਇ ਸਾਖੀ।।
ਸੇਵਕ ਪੰਚ ਨਾਹੀ ਬਿਖੁ ਚਾਖੀ ॥
ਅੰਤਰ ਵਸਤੁ ਅਨੂਪ ਨਿਰਮੋਲਕ
ਗੁਰਿ ਮਿਲਿਐ ਹਰਿ ਧਨੁ ਪਾਇਆ।।
(ਮਾਰੂ ਮਹਲਾ 1 ਪੰਨਾ 1039)

ਗੁਰੂ ਜੀ ਇਸ ਮਨੁੱਖੀ ਸਰੀਰ ਦੀ ਮਹੱਤਤਾ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਮਨੁੱਖੀ ਸਰੀਰ ਹੀ ਉਤਮ ਤੋਂ ਉਤਮ ਹਰਿ ਮੰਦਿਰ ਹੈ,ਇਸ ਵਿਚ ਪੰਜ ਵੱਡੇ ਵੱਡੇ ਖੰਡ ਜਾਂ ਮੰਡਲ ਹਨ ਇਹਨਾਂ ਸਭ ਖੰਡਾਂ ਮੰਡਲਾਂ ਤੋਂ ਉਪਰ ਉਹ ਨਿਰਾਕਾਰ ਪ੍ਰਮੇਸ਼ਰ ਬਿਰਾਜਮਾਨ ਹੈ। ਸੰਸਾਰੀ ਕੰਮਾਂ ਵਿਚ ਲੀਨ ਮਨੁੱਖ ਨੂੰ ਸਰੀਰ ਅੰਦਰ ਬੈਠਾ ਪ੍ਰਭੂ ਇਸ ਲਈ ਨਜ਼ਰ ਨਹੀਂ ਆਉਂਦਾ ਕਿਉਂਕਿ ਸਾਡਾ ਗਿਆਨ , ਧਿਆਨ ਕੇਵਲ ਸਰੀਰ ਦੇ ਨੌਂ ਦਰਵਾਜਿਆਂ ਤੱਕ ਹੀ ਸੀਮਿਤ ਹੈ। ਮਨੁੱਖੀ ਸਰੀਰ ਦੇ ਇਹ ਨੌਂ ਦਰਵਾਜੇ ਸੰਸਾਰਕ ਕਾਰ ਵਿਹਾਰਾਂ ਲਈ ਹਨ ਜਦਕਿ ਉਹ ਸਰਵਸ਼ਕਤੀਮਾਨ ਪਰਮੇਸ਼ਰ ਇੰਦਰੀਆਂ ਤੋਂ ਅਤੀਤ ਅਤੇ ਨਿਰਲੇਪ ਹੈ ,ਤੇ ਨੌਂ ਦਰਵਾਜਿਆਂ ਅਤੇ ਮਨ, ਬੁੱਧੀ ਦੇ ਮੰਡਲਾਂ ਤੋਂ ਪਰੇ ਤੇ ਉਪਰ ਹੈ , ਜਦੋਂ ਅਸੀ ਉਸਦੀ ਹੋਂਦ ਨੂੰ ਪਹਿਚਾਨ ਕੇ ਉਸਦੀ ਕਿਰਪਾ ਨਾਲ ਸਰੀਰ ਅੰਦਰ ਦਸਵੇਂ ਦੁਆਰ ਅੰਦਰ ਦਾਖਲ ਹੋ ਜਾਂਦੇ ਹਾਂ ਤਾਂ ਉਸ ਅਲਖ ਪ੍ਰਭੂ ਨੂੰ ਆਪਣੇ ਅੰਦਰੋਂ ਹੀ ਪ੍ਰਾਪਤ ਕਰ ਲੈਂਦੇ ਹਾਂ , ਇਸ ਪ੍ਰਮੇਸ਼ਰ ਨੂੰ ਪ੍ਰਾਪਤ ਕਰਨ ਦੀ ਸੁੰਦਰ ਜੁਗਤ ਨੂੰ ਗੁਰੂ ਜੀ ਇਸ ਤਰਾਂ ਬਿਆਨ ਕਰਦੇ ਹਨ ;-

ਦੇਹੀ ਨਗਰੀ ਊਤਮ ਥਾਨਾ ॥
ਪੰਚ ਲੋਕ ਵਸਿਹ ਪਰਧਾਨਾ ॥
ਊਪਰਿ ਏਕੰਕਾਰੁ ਨਿਰਮਲੁ ਸੁੰਨ ਸਮਾਧਿ ਲਗਾਇਆ।।
ਦੇਹੀ ਨਗਰੀ ਨਉ ਦਰਵਾਜੇ ॥
ਸਿਰਿ ਸਿਰਿ ਕਰਣੈਹਾਰੈ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ।।
( ਮਾਰੂ ਮਹਲਾ 1 ਪੰਨਾ 1039 )

ਗੁਰੂ ਜੀ ਨੇ ਜੁਲਮਾਂ ਥੱਲੇ ਦੱਬੀ ਹੋਈ ਮਨੁੱਖਤਾ ਦੇ ਭਲੇ ਲਈ ਇੱਕ ਕਰਾਂਤੀਕਾਰੀ ਪ੍ਰੋਗਰਾਮ ਅਰੰਭਿਆ ਤੇ ਪੂਰੇ ਸੰਸਾਰ ਦੀ ਯਾਤਰਾ ਕਰਕੇ ਇਹ ਸੱਚ ਦਾ ਸੁਨੇਹਾ ਦੇਣ ਦਾ ਪ੍ਰਣ ਕੀਤਾ। ਗੁਰੂ ਜੀ ਨੇ ਰੱਬੀ ਏਕਤਾ ਤੇ ਮਾਨਵੀ ਚੇਤਨਾ ਦੇ ਰਾਹੀਂ ਪੂਰੇ ਸੰਸਾਰ ਨੂੰ ਜਾਗ੍ਰਿਤ ਕੀਤਾ ਤੇ ਉਸ ਸਮੇਂ ਦੇ ਭ੍ਰਿਸ਼ਟ ਕਰਮਚਾਰੀ ਵਰਗ ਜੋ ਕਿ ਦੋਹੀ ਹੱਥੀਂ ਲੋਕਾਂ ਨੂੰ ਲੁੱਟ ਰਹੇ ਸਨ ਦੇ ਖਿਲਾਫ ਡਟ ਕੇ ਜਹਾਦ ਕੀਤਾ ਤੇ ਆਪਣੀ ਬਾਣੀ ਰਾਹੀਂ ਇੰਝ ਅਲੋਚਨਾ ਕੀਤੀ:-

'ਰਾਜੇ ਸੀਹ ਮੁਕੱਦਮ ਕੁਤੇ।। ਜਾਇ ਜਗਾਇਨ ਬੈਠੇ ਸੁਤੇ।।
ਚਾਕਰ ਨਹਦਾ ਪਾਇਨ ਘਾਉ।।
ਰਤ ਪਿਤੁ ਕੁਤਿਹੋ ਚਟਿ ਜਾਹੁ ॥
(ਗੁਰੂ ਗ੍ਰੰਥ ਸਾਹਿਬ ਪੰਨਾ 1288)

ਉਸ ਸਮੇਂ ਧਰਮ ਦੀ ਰਾਜਨੀਤੀ ਵਿਚ ਸਮਾਜ ਪੀੜਿਆ ਜਾ ਰਿਹਾ ਸੀ, ਮੁਸਲਿਮ ਰਾਜਿਆਂ ਦਾ ਮਨੋਰਥ ਸਿਰਫ ਪੂਰੀ ਲੋਕਾਈ ਨੂੰ ਇਸਲਾਮ ਕਬੂਲ ਕਰਵਉਣਾ ਹੀ ਸੀ ਜੋ ਕਿ ਧਾਰਮਿਕ ਅਸਥਾਨਾਂ ਵਿਚ ਸਿਰਫ ਅੱਲਾ ਹੂ ਦਾ ਹੋਕਾ ਹੀ ਸੁਣਨਾ ਚਾਹੁੰਦੇ ਸਨ। ਪੂਰੇ ਭਾਰਤ ਵਰਸ਼ ਵਿੱਚ ਲੋਕਾਂ ਨੂੰ ਜ਼ਬਰਦਸਤੀ ਇਸਲਾਮ ਕਬੂਲ ਕਰਵਾਇਆ ਜਾ ਰਿਹਾ ਸੀ, ਨਾਂਹ ਕਰਨ ਤੇ ਕਤਲ ਕਰ ਦਿੱਤਾ ਜਾਂਦਾ ਸੀ , ਪ੍ਰਸਿੱਧ ਲੇਖਕ ਮਿਸਟਰ ਮੈਕਾਲਿਫ ਆਪਣੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਬਾਰੇ ਬੜੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ:-

'ਫਿਰੋਜ਼ ਮੁਹੰਮਦ ਤੁਗਲਕ ਨੇ ਮਾਲਵੇ ਦੇ ਪੂਰੇ ਇਲਾਕੇ ਨੂੰ ਦੋ ਵਾਰੀ ਇਸ ਤਰਾਂ ਲੁੱਟਿਆ ਕਿ ਸ਼ਹਿਰ ਵਿੱਚ ਮਿੱਟੀ ਤੋਂ ਇਲਾਵਾ ਕੁਝ ਨਜ਼ਰ ਨਹੀਂ ਸੀ ਆਉਂਦਾ। ਭਾਰਤੀਆਂ ਨੂੰ ਉੱਚੇ ਅਹੁਦਿਆਂ ਤੋਂ ਵਾਂਝੇ ਰੱਖਿਆ ਜਾਂਦਾ ਸੀ, ਬਹੁਤ ਭੇਦਭਾਵ ਕੀਤਾ ਜਾਂਦਾ ਸੀ। ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ, ਜਨਤਾ ਬਹੁਤ ਬੇਚੈਨ ਹਿਰਦੇ ਨਾਲ ਅਸਲੀ ਸ਼ਾਂਤੀ ਨੂੰ ਲੱਭਣ ਦੀ ਤਲਾਸ਼ ਵਿਚ ਸੀ।

1487 ਈਸਵੀ ਨੂੰ ਗੁਰੂ ਜੀ ਦਾ ਵਿਆਹ ਮੂਲ ਚੰਦ ਜੀ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਅਚਲ ਬਟਾਲੇ ਵਿਖੇ ਹੋਇਆ ਜਿਹਨਾਂ ਦੀ ਪਵਿੱਤਰ ਕੁਖੋਂ ਈਸਵੀ 1491 ਨੂੰ ਪਹਿਲੇ ਪੁੱਤਰ ਸ੍ਰੀ ਚੰਦ ਦਾ ਜਨਮ ਹੋਇਆ ਤੇ ਈਸਵੀ 1496 ਨੂੰ ਦੂਸਰੇ ਪੁੱਤਰ ਲਖਮੀ ਚੰਦ ਦਾ ਜਨਮ ਹੋਇਆ।

ਗੁਰੂ ਸਾਹਿਬ ਜੀ ਦੇ ਪਿਤਾ ਜੀ ਆਪ ਜੀ ਨੂੰ ਕਿਸੇ ਕਿੱਤੇ ਵਿਚ ਲਾਉਣਾ ਚਾਹੁੰਦੇ ਸਨ ,ਇਸੇ ਲਈ ਹੀ ਗੁਰੂ ਜੀ ਨੂੰ ਪਿਤਾ ਜੀ ਨੇ ਵੀਹ ਰੁਪਏ ਦੇ ਕੇ ਸੱਚਾ ਸੌਦਾ ਭਾਵ ਕੋਈ ਵਪਾਰ ਕਰਨ ਨੂੰ ਭੇਜਿਆ ਪਰ ਇਸ ਵਾਰ ਵੀ ਆਪ ਉਸ ਵੀਹ ਰੁਪਈਏ ਦਾ ਸੰਤਾਂ ਨੂੰ ਭੋਜਨ ਕਰਵਾ ਕੇ ਵਾਪਸ ਪਰਤ ਆਏ। ਜਿਸ ਤੋਂ ਗੁਰੂ ਜੀ ਦੇ ਪਿਤਾ ਜੀ ਕਾਫੀ ਨਰਾਜ਼ ਹੋਏ ਤੇ ਉਹਨਾਂ ਨੇ ਆਪ ਜੀ ਨੂੰ ਬੇਬੇ ਨਾਨਕੀ ਕੋਲ ਸੁਲਤਾਨਪੁਰ ਭੇਜ ਦਿੱਤਾ ਜਿਥੇ ਬੇਬੇ ਨਾਨਕੀ ਦੇ ਪਤੀ ਜੈ ਰਾਮ ਜੀ ਨੇ ਆਪ ਜੀ ਨੂੰ ਨਵਾਬ ਦੌਲਤ ਖਾਨ ਦੇ ਮੋਦੀ ਖਾਨੇ ਵਿਚ ਨੌਕਰੀ ਤੇ ਲਾ ਦਿੱਤਾ ਗਿਆ ਉਥੇ ਵੀ ਉਹ ਪ੍ਰਭੂ ਭਗਤੀ ਤੇ ਪਰਉਪਕਾਰ ਦੀ ਦੁਹਾਈ ਦਿੰਦੇ ਰਹੇ ਤੇ ਤੇਰਾਂ ਤੇਰਾਂ ਤੋਲਣਾ ਸ਼ੁਰੂ ਕਰ ਦਿੱਤਾ ਤੇ ਮੋਦੀ ਖਾਨੇ ਦੇ ਮਾਲਕ ਨੂੰ ਇਹ ਨਹੀਂ ਭਾਅ ਰਿਹਾ ਸੀ ,ਜਿਸ ਕਰਕੇ ਆਪ ਜੀ ਨੂੰ ਇਹ ਨੌਕਰੀ ਵੀ ਛੱਡਣੀ ਪਈ। ਇੱਥੇ ਹੀ ਆਪ ਜੀ ਨਾਲ ਭਾਈ ਮਰਦਾਨੇ ਦਾ ਮੇਲ ਹੋਇਆ ਦੱਸਿਆ ਜਾਂਦਾ ਹੈ। ਗੁਰੂ ਜੀ ਹਮੇਸ਼ਾਂ ਸੱਚ ਦੀ ਤਲਾਸ਼ ਵਿਚ ਰਹੇ ਭਾਵੇਂ ਕਿ ਆਪ ਜੀ ਨੇ ਆਪਣੇ ਪਿਤਾ ਜੀ ਦੀ ਨਰਾਜਗੀ ਵੀ ਲਈ ਪਰ ਆਪ ਕਦੀ ਨਾ ਬਦਲੇ, ਸ਼ਾਇਦ ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਆਪਣੀ ਇਸ ਦਸ਼ਾ ਦਾ ਵਰਨਣ ਆਪਣੀ ਬਾਣੀ ਰਾਹੀਂ ਇਸ ਤਰਾਂ ਕੀਤਾ ਹੈ:-

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।। ਕੋਈ ਆਖੈ ਆਦਮੀ ਨਾਨਕ ਬੇਚਾਰਾ ॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ।। ਹਉ ਹਰਿ ਬਿਨੁ ਅਵਰੁ ਨ ਜਾਨਾ ॥
(ਮਾਰੂ ਮਹਲਾ 1 ਪੰਨਾ 991)

ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਸਾਹਿਬ ਜੀ ਤਾਂ ਖੁਦ ਸੰਤ ਕਬੀਰ ਅਤੇ ਸੰਤ ਰਵਿਦਾਸ ਜੀ ਨੂੰ ਬਨਾਰਸ ਵਿਖੇ ਮਿਲੇ, ਜਿੱਥੇ ਆਪ ਜੀ ਇਹਨਾਂ ਸੰਤਾਂ ਦੁਆਰਾ ਮਨੁੱਖਤਾ ਦੇ ਕਲਿਆਣ ਤੇ ਭਲੇ ਲਈ ਕੀਤੀ ਜਾ ਰਹੀ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ ਸਨ ਤੇ ਇਹਨਾਂ ਮਹਾਂਪੁਰਸ਼ਾਂ ਦੁਆਰਾ ਲਿਖਤ ਪਵਿੱਤਰ ਬਾਣੀ ਨੂੰ ਆਪਣੇ ਹੱਥੀਂ ਪ੍ਰਾਪਤ ਕਰ ਕੇ ਲਿਆਏ ਸਨ,ਜਿਸਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤਾ, ਜੋ ਅੱਜ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤਾਂ ਦੀ ਬਾਣੀ ਦੇ ਰੂਪ ਵਿਚ ਦਰਜ ਹੋਈ ਨਜਰ ਆਉਂਦੀ ਹੈ। ਜਿਸ ਦਾ ਹਵਾਲਾ ਅਚਾਰੀਆ ਪ੍ਰਿਥਵੀ ਸਿੰਘ ਅਜਾਦ ਦੀ ਕਿਤਾਬ 'ਜੀਵਨੀ ਸੰਤ ਰਵਿਦਾਸ ਜੀ' ਤੋਂ ਵੀ ਮਿਲਦਾ ਹੈ। ਗੁਰੂ ਸਾਹਿਬ ਦੀ ਅਦੁੱਤੀ ਸ਼ਖਸ਼ੀਅਤ ਤੋਂ ਉਸ ਵੇਲੇ ਦੇ ਸਾਰੇ ਸੰਤ ਮਹਾਂਪੁਰਸ਼ ਬਹੁਤ ਪ੍ਰਭਾਵਿਤ ਸਨ। ਇਸੇ ਲੜੀ ਵਿੱਚ ਗੁਰੂ ਜੀ ਬਾਬਾ ਫਰੀਦ ਜੀ ਨੂੰ ਮਿਲਣ ਸਿਆਲਕੋਟ ਵੀ ਪਹੁੰਚੇ ਪਰ ਆਪ ਜੀ ਨਾਲ ਫਰੀਦ ਜੀ ਦਾ ਮੇਲ ਨਹੀਂ ਹੋ ਸਕਿਆ, ਕਿਉਂਕਿ ਬਾਬਾ ਫਰੀਦ ਜੀ ਉਸ ਵਕਤ ਸਵਰਗ ਸਿਧਾਰ ਚੁੱਕੇ ਸਨ, ਪਰ ਉਹਨਾਂ ਦੀ ਬਾਣੀ ਉਹਨਾਂ ਦੇ ਚੇਲਿਆਂ ਦੁਆਰਾ ਪ੍ਰਾਪਤ ਕੀਤੀ ਗਈ, ਜੋ ਕਿ ਅੱਜ ਭਗਤਾਂ ਦੀ ਬਾਣੀ ਦਾ ਇੱਕ ਹਿੱਸਾ ਹੈ। ਗੁਰੂ ਜੀ ਨੇ ਪੂਰੀ ਲੋਕਾਈ ਵਿਚ ਉਸ ਪ੍ਰਮੇਸ਼ਰ ਦੀ ਹੋਂਦ ਨੂੰ ਇਸ ਸੰਸਾਰ ਵਿਚ ਵਿਚਰਦਿਆਂ ਹੋਇਆਂ ਹੀ ਮਹਿਸੂਸ ਕਰਨ ਦੀ ਹਦਾਇਤ ਕੀਤੀ ਤੇ ਕਿਹਾ ਕਿ ਜਿਥੇ ਕਿ ਮੰਨਿਆ ਜਾਂਦਾ ਹੈ ਕਿ ਇਨਸਾਨ ਮਰਨ ਤੋਂ ਬਾਅਦ ਉਸ ਪਾਰਬ੍ਰਹਮ ਦੇ ਕੋਲ ਚਲਾ ਜਾਂਦਾ ਹੈ ਪਰ ਗੁਰੂ ਜੀ ਨੇ ਕਿਹਾ ਕਿ ਉਸੇ ਪਾਰਬ੍ਰਹਮ ਦੀ ਪ੍ਰਾਪਤੀ ਇਨਸਾਨ ਜੀਵਦਿਆਂ ਹੀ ਪ੍ਰਾਪਤ ਕਰ ਸਕਦਾ ਹੈ ,ਉਹਨਾਂ ਨੇ ਆਪਣੀ ਬਾਣੀ ਅੰਦਰ ਇਸ ਦਾ ਪ੍ਰਤੱਖ ਹਵਾਲਾ ਇਸ ਤਰਾਂ ਦਿੱਤਾ ਹੈ-

''ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆਂ ਮਰਿ ਮਾਰਿ।। (ਸਿਰੀ ਰਾਗ ਮਹਲਾ 1 ਪੰਨਾ 21)

ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਆਪਣੀ ਰੋਜ਼ੀ ਇਮਾਨਦਾਰੀ ਨਾਲ ਕਮਾਉਣੀ ਚਾਹੀਦੀ ਹੈ ਜਿਸ ਸਬੰਧੀ ਉਹਨਾਂ ਨੇ ਆਪਣੀ ਬਾਣੀ ਵਿਚ ਦਸਾਂ ਨੌਹਾਂ ਦੀ ਕਿਰਤ ਜਾਂ ਹੱਕ ਹਲਾਲ ਦੀ ਕਮਾਈ ਓੁਤੇ ਜੋਰ ਦਿੱਤਾ ਹੈ, ਆਪ ਜੀ ਨੇ ਆਸਾ ਦੀ ਵਾਰ ਵਿੱਚ ਫੁਰਮਾਇਆ ਹੈ ਕਿ ਜੋ ਠੱਗੀ ਚੋਰੀ ਤੇ ਬੇਈਮਾਨੀ ਨਾਲ ਪੈਸਾ ਕਮਾ ਕੇ ਇਸ ਵਿੱਚੋਂ ਆਪਣੇ ਪਿਤਰਾਂ ਦੇ ਲਈ ਦਾਨ ਜਾਂ ਸਰਾਧ ਕਰਵਾਉਂਦੇ ਹਨ, ਪਰਮਾਤਮਾ ਇਸ ਪਾਪ ਦੀ ਕਮਾਈ ਨੂੰ ਪਛਾਣ ਲੈਂਦਾ ਹੈ। ਇਸ ਨਾਲ ਪਿਤਰਾਂ ਨੂੰ ਲਾਭ ਹੋਣ ਦੇ ਬਜਾਏ ਨੁਕਸਾਨ ਪਹੁੰਚਦਾ ਹੈ ਨਾ ਸਿਰਫ ਉਸਦੇ ਪਿਤਰਾਂ ਤੇ ਚੋਰੀ ਦਾ ਦੋਸ਼ ਲੱਗਦਾ ਹੈ, ਸਗੋਂ ਇਹ ਧੰਨ ਵਰਤ ਕੇ ਪੂਜਾ ਕਰਵਾਉਣ ਵਾਲੇ ਬ੍ਰਾਹਮਣ ਦੇ ਵੀ ਹੱਥ ਕੱਟੇ ਜਾਂਦੇ ਹਨ। ਪ੍ਰਮੇਸ਼ਰ ਵੀ ਇਸ ਨੂੰ ਕਬੂਲ ਨਹੀਂ ਕਰਦਾ। ਗੁਰੂ ਸਾਹਿਬ ਇਸ ਕਰਮ ਕਾਂਡ ਦੇ ਖਿਲਾਫ ਚਿਤਾਵਨੀ ਦਿੰਦੇ ਹੋਏ ਕਹਿੰਦੇ ਹਨ ਕਿ ਪੁੰਨ ਦਾਨ ਦਾ ਫਲ ਅਸਲ ਵਿੱਚ ਉਸ ਨੂੰ ਹੀ ਮਿਲਦਾ ਹੈ ਜਿਹੜਾ ਖੁਦ ਦਸਾਂ ਨੌਹਾਂ ਦੀ ਕਿਰਤ ਕਰਕੇ ,ਉਸ ਸੱਚੇ ਧੰਨ ਵਿੱਚੋਂ ਪਰਮਾਰਥ ਲਈ ਖਰਚ ਕਰਦਾ ਹੈ -

''ਜੇ ਮੋਹਾਕਾ ਘਰੁ ਮਹਿ ਪਿਤਰੀ ਦੇਇ।।
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ ਮੁਸਫੀ ਇਹ ਕਰੇਇ।।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।।
(ਆਸਾ ਦੀ ਵਾਰ ਮਹਲਾ 1 ਪੰਨਾ 472)


ਗੁਰੂ ਜੀ ਨੇ ਕੁੰਭ ਦੇ ਮੇਲੇ ਦੀ ਯਾਤਰਾ ਸਮੇਂ ਲੋਕਾਂ ਅਤੇ ਪੰਡਿਤਾਂ ਵਲੋਂ ਕੀਤੇ ਜਾ ਰਹੇ ਪਖੰਡਾਂ ਦੀ ਅਲੋਚਨਾ ਕਰਦੇ ਹੋਇ ਕਿਹਾ ਕਿ ਸਰੀਰ ਨੂੰ ਧੋਣ ਨਾਲ ਪਾਪ ਨਹੀਂ ਧੁਲ ਸਕਦੇ ,ਮਨ ਨਿਰਮਲ ਨਹੀਂ ਹੋ ਸਕਦਾ। ਨਿਰਮਲ ਅਸਲ ਵਿੱਚ ਉਹ ਲੋਕ ਹਨ ਜਿਹਨਾਂ ਦੇ ਹਿਰਦੇ ਵਿਚ ਉਸ ਅਕਾਲਪੁਰਖ ਪ੍ਰਮੇਸ਼ਰ ਦਾ ਨਿਵਾਸ ਹੋ ਜਾਂਦਾ ਹੈ। ਗੁਰੂ ਜੀ ਆਪਣੀ ਬਾਣੀ ਵਿੱਚ ਉਪਦੇਸ਼ ਕਰਦੇ ਹਨ;-

'' ਸੂਚੇ ਏਹ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।।
(ਆਸਾ ਦੀ ਵਾਰ,ਮਹਲਾ 1 ਪੰਨਾ 472)

ਗੁਰੂ ਜੀ ਨੇ ਇਸ ਦੱਬੀ ਕੁਚਲੀ ਮਨੁੱਖਤਾ ਦੇ ਭਲੇ ਲਈ ਇਸ ਸੰਸਾਰ ਦੀਆਂ ਯਾਤਰਾਵਾਂ ਕਰਨ ਦਾ ਫੈਸਲਾ ਕੀਤਾ ਜਿਹਨਾਂ ਨੂੰ ਅਸੀਂ ਚਾਰ ਉਦਾਸੀਆਂ ਦੇ ਨਾਮ ਨਾਲ ਵੀ ਜਾਣਦੇ ਹਾਂ ਇਹਨਾਂ ਉਦਾਸੀਆਂ ਰਾਹੀ ਗੁਰੂ ਜੀ ਨੇ ਆਪਣੇ ਜੀਵਨ ਦੇ ਕੋਈ 15 ਸਾਲ ਵੱਖ-ਵੱਖ ਥਾਵਾਂ 'ਤੇ ਜਾ ਕੇ ਇਸ ਲਤਾੜੀ ਮਨੁੱਖਤਾ ਦੇ ਭਲੇ ਲਈ ਗੁਜ਼ਾਰੇ ਤੇ ਲਗਭਗ 28000 ਕਿਲੋਮੀਟਰ ਸਫਰ ਤੈਅ ਕੀਤਾ ਜਿਸ ਬਾਰੇ ਭਾਈ ਗੁਰਦਾਸ ਜੀ ਬੜੇ ਸੁੰਦਰ ਸ਼ਬਦਾਂ ਵਿਚ ਬਿਆਨ ਕਰਦੇ ਹਨ :-

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ। ਚੜ੍ਹਿਆ ਸੋਧਣਿ ਧਰਤਿ ਲੁਕਾਈ।।
(ਵਾਰ 1ਪਉੜੀ 24)

ਗੁਰੂ ਜੀ ਇਸ ਵਿਸ਼ਾਲ ਦੇਸ਼ ਦੇ ਹਰ ਕੋਨੇ ਤੱਕ ਪਹੁੰਚੇ , ਮੱਧ ਪੂਰਬ ਦੇ ਸਾਰੇ ਇਸਲਾਮੀ ਦੇਸ਼ਾਂ ਦਾ ਦੌਰਾ ਕੀਤਾ ਤੇ ਉਹਨਾਂ ਦੇ ਧਰਮ ਅਸਥਾਨਾ ਤੇ ਜਾ ਕੇ ਉਹਨਾਂ ਦੀਆਂ ਧਾਰਮਿਕ ਰੀਤੀਆਂ ਨੂੰ ਬਹੁਤ ਨਜ਼ਦੀਕ ਤੋਂ ਦੇਖਿਆ ਤੇ ਲੋਕਾਂ ਨੂੰ ਇਹਨਾਂ ਕਰਮਕਾਂਡਾਂ ਤੋਂ ਛੁਟਕਾਰਾ ਪਾ ਕੇ ਇੱਕ ਸੰਜਮਮਈ ਤੇ ਇੱਕ ਪ੍ਰਮੇਸ਼ਰ ਦੀ ਹੋਂਦ ਨੂੰ ਪਹਿਚਾਨਣ ਤੇ ਫਜ਼ੂਲ ਦੇ ਕਰਮਕਾਂਡਾਂ ਤੋਂ ਛੁਟਕਾਰਾ ਪਾਉਣ ਦੀ ਹਦਾਇਤ ਤੇ ਜੁਗਤ ਦੱਸੀ। ਜਿਹਨਾਂ ਵਿੱਚੋਂ ਇੱਕ ਉਦਾਹਰਣ ਹਰਦੁਆਰ ਵਿਖੇ ਬ੍ਰਾਹਮਣਾ ਵੱਲੋਂ ਸੂਰਜ ਨੂੰ ਪਾਣੀ ਅਰਪਣ ਕਰਨ ਸਮੇਂ ਦੀ ਮਿਲਦੀ ਹੈ , ਜਿਸ ਦਾ ਖੰਡਨ ਆਪ ਜੀ ਨੇ ਕਰਤਾਰਪੁਰ ਵੱਲ ਮੂੰਹ ਕਰਕੇ ਆਪਣੇ ਖੇਤਾਂ ਨੂੰ ਪਾਣੀ ਦੇਣ ਦਾ ਬਹਾਨਾ ਕਰਕੇ ਦਿੱਤਾ ਤੇ ਕਿਹਾ ਕਿ ਅਗਰ ਤੁਹਾਡਾ ਪਾਣੀ ਲੱਖਾਂ ਕੋਹਾਂ ਦੂਰ ਸੂਰਜ ਤੱਕ ਜਾ ਸਕਦਾ ਹੈ ਤਾਂ ਇਹ ਮੇਰਾ ਪਾਣੀ ਕਰਤਾਰਪੁਰ ਮੇਰੇ ਖੇਤਾਂ ਤੱਕ ਕਿਉਂ ਨਹੀਂ ਪਹੁੰਚ ਸਕਦਾ।




# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ

## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਨਿਊਵਾਰਕ ਪਵਿਲੀਅਨ (Newark Pavillion 6430, Thornton Avenue Newark) ਵਿਖੇ 24 ਨਵੰਬਰ 2013 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਪ੍ਰਸਿੱਧ ਜਥੇ ਸੰਗਤਾਂ ਨੂੰ ਗੁਰ ਇਤਿਹਾਸ, ਕਥਾ, ਕੀਰਤਨ ਅਤੇ ਧਾਰਿਮਕ ਗੀਤਾਂ ਨਾਲ ਨਿਹਾਲ ਕਰਨਗੇ। ਜਿਸ ਵਿਚ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਦਿਹਾੜੇ 'ਤੇ ਹਾਜ਼ਰੀ ਲਗਵਾ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




**Sucha Ram Bharta (Chairman) 650-207-6286, Vinod K. Chumber (Vice Chairman), Kewal Singh (Vice Chairman), Mohinder Singh Mahi (President) 408-643-9052, Harbhajan Singh (Vice President), Rajinder Singh (Vice President), Santokh Saroya (General Secretary) 408-509-9697, Deepak Saroya (Assistant Secretary), Anita Sidhu (Treasurer) 510-706-8501, Pirthi Jhamat (Assistant Treasurer), Pawan Kumar (Assistant Treasurer)**

## Shri Guru Ravidass Sabha (Bay Area) California (USA)
## 31252 Veasy Street Union City California, 94587










ਸ੍ਰੀ ਗੁਰੂ ਰਵਿਦਾਸ ਸਭਾ ਬੇਅ ਏਰੀਆ ਕਮੇਟੀ ਦੇ ਮੈਂਬਰ ਅਤੇ ਕਮਿਊਨਿਟੀ ਮੈਂਬਰਾਂ ਨੇ ਬਣ ਰਹੇ ਗੁਰੂ ਘਰ ਵਿਖੇ ਦੀਵਾਲੀ ਵਾਲੇ ਦਿਨ ਗੁਰੂ ਘਰ ਦੀ ਡਿਵੈਲਪਮੈਂਟ ਅਤੇ ਕੌਮ ਦੀ ਏਕਤਾ ਅਤੇ ਭਲਾਈ ਲਈ ਖੂਬ ਉਸਾਰੂ ਵਿਚਾਰਾਂ ਤੇ ਵਿਚਾਰ ਗੋਸ਼ਟੀਆਂ ਹੋਈਆਂ।। ਇਸ ਮੌਕੇ ਪ੍ਰਧਾਨ ਮਹਿੰਦਰ ਸਿੰਘ ਮਾਹੀ, ਵਾਈਸ ਚੇਅਰਮੈਨ ਵਿਨੋਦ ਕੁਮਾਰ ਚੁੰਬਰ, ਵਾਈਸ ਚੇਅਰਮੈਨ ਕੇਵਲ ਸਿੰਘ, ਜਨਰਲ ਸਕੱਤਰ ਸੰਤੋਖ ਸਿੰਘ ਸਰੋਏ, ਖਜਾਨਚੀ ਅਨੀਤਾ ਸਿੱਧੂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਅਤੇ ਭਾਈਚਾਰੇ ਦੇ ਹੋਰ ਬਹੁਤ ਸਾਰੇ ਲੋਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਗੁਰੂ ਘਰ ਦੀ ਬਿਲਡਿੰਗ ਜਲਦੀ ਸੰਪੂਰਨ ਹੋਣ ਦੀ ਪ੍ਰਾਰਥਨਾ ਕੀਤੀ ਅਤੇ ਸਹਿਯੋਗੀ ਸੱਜਣਾਂ ਤੋਂ ਸਹਿਯੋਗ ਦੀ ਮੰਗ ਕੀਤੀ ਗਈ।

# ਸ੍ਰੀ ਗੁਰੂ ਰਵਿਦਾਸ ਟੈਂਪਲ (ਯੂਬਾ ਸਿਟੀ) ਕੈਲੀਫੋਰਨੀਆ

ਕਲਿ ਤਾਰਣ ਗੁਰ ਨਾਨਕ ਆਇਆ

ਹਸਤ ਖੇਲਤ ਤੇਰੇ ਦੇ ਹੁਰੇ ਆਇਆ



ਸਤਿਗੁਰੂ ਨਾਨਕ ਦੇਵ ਜੀ

**1480 Hayne Ave., Yuba City (CA.) 95993**



ਸਤਿਗੁਰੂ ਨਾਮ ਦੇਵ ਜੀ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੀ.) ਵਿਖੇ ਸਤਿਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਅਤੇ ਸੰਤ ਗੁਰੂ ਨਾਮ ਦੇਵ ਜੀ ਦਾ ਪੁਰਬ ਗੁਰੂ ਘਰ ਵਿਖੇ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 17 ਨਵੰਬਰ ਅਤੇ 24 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਸੋ ਸਮੂਹ ਸੰਗਤਾਂ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਆਪਣੇ ਸਮੂਹ ਪਰਿਵਾਰ ਅਤੇ ਹੋਰਨਾਂ ਸੰਗਤਾਂ ਨੂੰ ਵੀ ਨਾਲ ਲੈ ਕੇ ਇਸ ਸ਼ੁਭ ਅਵਸਰ ਤੇ ਹਾਜ਼ਰੀਆਂ ਭਰ ਕੇ ਆਸ਼ੀਰਵਾਦ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ

## ਪ੍ਰੋਗਰਾਮ

### ਸ੍ਰੀ ਗੁਰੂ ਨਾਨਕ ਦੇਵ ਗੁਰਪੁਰਬ

* 15 ਨਵੰਬਰ ਦਿਨ ਸ਼ੁੱਕਰਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 11 ਵਜੇ
* 16 ਨਵੰਬਰ ਦਿਨ ਸ਼ਨੀਵਾਰ 6:30 ਵਜੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਵੇਗਾ।
* 17 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 10 ਵਜੇ ਪਾਏ ਜਾਣਗੇ ਅਤੇ ਰਾਗੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਤੇ ਹੋਰ ਸ਼ਬਦ ਗਾਇਨ ਕਰਨਗੇ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

### ਸਤਿਗੁਰੂ ਨਾਮ ਦੇਵ ਜੀ

* 22 ਨਵੰਬਰ ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 11 ਵਜੇ
* 22 ਅਤੇ 23 ਨਵੰਬਰ ਦਿਨ ਸ਼ੁੱਕਰਵਾਰ ਅਤੇ ਸ਼ਨਿਚਰਵਾਰ ਸ਼ਾਮ 6:30 ਵਜੇ ਕੀਰਤਨ ਦਰਬਾਰ ਸਜਾਏ ਜਾਣਗੇ ਅਤੇ ਆਰਤੀ ਕੀਤੀ ਜਾਵੇਗੀ।
* 24 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਰਾਗੀ ਜਥਾ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ। ਭਾਈ ਸਾਹਿਬ ਭਾਈ ਗੁਰਦੇਵ ਸਿੰਘ ਜੀ ਕਥਾਵਾਚਕ, ਸਤਿਗੁਰੂ ਨਾਨਕ ਦੇਵ ਜੀ ਅਤੇ ਸਤਿਗੁਰੂ ਨਾਮ ਦੇਵ ਜੀ ਦੇ ਜੀਵਨ ਨਾਲ ਸਬੰਧਤ ਕਥਾ ਕਰਨਗੇ।
  ਇਸ ਤੋਂ ਇਲਾਵਾ ਕਵਿਜਨ ਵੀ ਧਾਰਮਿਕ ਗੀਤ ਤੇ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

## ਗੁਰੂ ਕੇ ਲੰਗਰ ਅਤੁੱਟ ਵਰਤਣਗੇ

**ਕਿਸੇ ਵੀ ਸੰਗਤ ਨੇ ਕਿਸੇ ਤਰ੍ਹਾਂ ਦੀ ਸੇਵਾ ਲੈਣੀ ਹੋਵੇ ਤਾਂ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹੋ।**

| | |
|---|---|
| ਗੁਰੂ ਘਰ ਦਾ ਨੰਬਰ | 530-674-2564 |
| ਸ਼ਿੰਗਾਰਾ ਸਿੰਘ ਵੱਲ੍ਹ, ਪ੍ਰਧਾਨ | 530-713-1873 |
| ਗੁਰਬਚਨ ਚੋਪੜਾ (ਸਟੇਜ ਸੈਕਟਰੀ) | 530-844-6147 |
| ਦਿਲਵਿੰਦਰ ਵੱਲ੍ਹ ਕੈਸ਼ੀਅਰ | 530-933-3938 |

# ਨਿਧੱੜਕ ਗਦਰੀ ਅਤੇ ਆਦਿ ਧਰਮ ਲਹਿਰ ਦੇ ਮੋਢੀ ਬਾਬੂ ਮੰਗੂ ਰਾਮ ਮੁੱਗੋਵਾਲੀਆ



ਸ਼ਿਵ ਕੁਮਾਰ ਬਾਵਾ
9592954007

ਬਾਬੂ ਮੰਗੂਰਾਮ ਮੁਗੋਵਾਲੀਆ ਦਾ ਜਨਮ 14 ਜਨਵਰੀ 1886 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੁਗੋਵਾਲ ਵਿਖੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ । ਤਿੰਨ ਸਾਲ ਦੀ ਛੋਟੀ ਜਿਹੀ ਉਮਰ ਵਿੱਚ ਆਪ ਮਾਤਾ ਦੇ ਪਿਆਰ ਤੋਂ ਵਾਂਝੇ ਹੋ ਗਏ। ਸੱਤ ਸਾਲ ਦੀ ਉਮਰ ਵਿੱਚ ਆਪ ਪਿੰਡ ਵਿੱਚ ਹੀ ਇੱਕ ਸਾਧੂ ਮਹਾਂਪੁਰਸ਼ ਕੋਲ ਪੜ੍ਹਨ ਜਾਣ ਲੱਗੇ । ਆਪ 6 ਮਹੀਨਿਆਂ ਵਿੱਚ ਹੀ ਗੁਰਮੁੱਖੀ ਪੜ੍ਹਨ ਅਤੇ ਲਿਖਣ ਵਿੱਚ ਨਿਪੁਨ ਹੋ ਗਏ। ਆਪ ਆਪਣੇ ਪਿਤਾ ਨਾਲ ਦੇਹਰਾਦੂਨ ਚਲੇ ਗਏ ਜਿਥੇ ਆਪਨੂੰ ਪਿੰਡ ਚੂੜਪੁਰ ਦੇ ਇੱਕ ਨਿਜੀ ਸਕੂਲ ਵਿੱਚ ਦਾਖਿਲ ਕਰਵਾਇਆ ਗਿਆ। ਇੱਕ ਸਾਲ ਬਾਅਦ ਫਿਰ ਖਾਲਸਾ ਸਕੂਲ ਮਾਹਿਲਪੁਰ ਵਿੱਚ ਪੜ੍ਹਨ ਲੱਗ ਪਏ।

ਆਪਣੀ ਪੁਸਤਕ ' ਮੇਰੀ ਵਿਦੇਸ਼ ਯਾਤਰਾ ਅਤੇ ਮੇਰਾ ਜੀਵਨ ਬਿਰਤਾਂਤ ' ਵਿੱਚ ਮੰਗੂ ਰਾਮ ਜੀ ਲਿਖਦੇ ਹਨ " ਜਦ ਮੈਂ ਤਲੀਮ ਹਾਸਿਲ ਕਰਨ ਲੱਗਾ ਤਾਂ ਭਾਰਤ ਵਿੱਚ ਉਸ ਵਕਤ ਛੂਆ ਛਾਤ ਦਾ ਪੂਰਾ ਬੋਲ ਬਾਲਾ ਸੀ। ਉਚ ਜਾਤੀ ਦੇ ਅਧਿਆਪਕ ਸਕੂਲ ਵਿੱਚ ਮੇਰੇ ਨਾਲ ਅਣਮਨੁੱਖੀ ਵਿਹਾਰ ਕਰਦੇ ਸਨ। ਮੈਨੂੰ ਬਾਕੀ ਵਿਦਿਆਰਥੀਆਂ ਨਾਲੋਂ ਅਲੱਗ ਰੱਖਿਆ ਜਾਂਦਾ ਅਤੇ ਅਧਿਆਪਕ ਸਾਰਾ ਦਿਨ ਮੇਰੇ ਕੋਲੋਂ ਸਕੂਲ ਦੇ ਕਮਰਿਆਂ ਦੀ ਸਫਾਈ ਅਤੇ ਬਰਤਨ ਸਾਫ ਕਰਵਾਉਂਦੇ । ਮੈਨੂੰ ਕਲਾਸ ਵਾਲੇ ਕਮਰੇ ਵਿੱਚ ਨਹੀਂ ਵੜਨ ਦਿੱਤਾ ਜਾਂਦਾ ਅਤੇ ਸਰਦੀਆਂ ਵਿੱਚ ਧੁੱਪ ਦੀ ਬਜ਼ਾਏ ਛਾਂਵੇਂ ਬੈਠਕੇ ਅਧਿਆਪਕਾਂ ਦੇ ਲੈਕਚਰ ਸੁਣਨੇ ਪੈਂਦੇ । ਗਰਮੀਆਂ ਦੇ ਦਿਨਾਂ ਵਿੱਚ ਵੀ ਕਲਾਸ ਤੋਂ ਦੂਰ ਛੱਤਰੀ ਲੈ ਕੇ ਬੈਠਣਾਂ ਪੈਂਦਾ। ਅਧਿਆਪਕ ਮੈਨੂੰ ਜਾਤੀ ਤੌਰ ਤੇ ਜਲੀਲ ਕਰਦੇ"। ਮਾਹਿਲਪੁਰ ਸਕੂਲ ਵਿੱਚ ਪੜ੍ਹਦਿਆਂ ਅਧਿਆਪਕਾਂ ਦੇ ਤਸੀਹਿਆਂ ਕਾਰਨ ਆਪ ਬਹੁਤ ਨਰਾਸ਼ ਹੋ ਗਏ। ਆਪਦੇ ਪਿਤਾ ਜੀ ਆਪਨੂੰ ਅੰਗ੍ਰੇਜੀ ਪੜ੍ਹਾਉਂਣਾ ਚਾਹੁੰਦੇ ਸਨ ਕਿਉਂਕਿ ਚਮੜੇ ਦੇ ਵਪਾਰ ਵਿੱਚ ਅੰਗਰੇਜੀ ਮਾਧਿਅਮ ਨਾਲ ਨਜਿੱਠਣਾਂ ਪੈਂਦਾ ਸੀ। ਇਸ ਲਈ ਆਪ ਨੂੰ 'ਅਮੀ ਚੰਦ ਹਾਈ ਸਕੂਲ ਬਜ਼ਵਾੜਾ' ਵਿਖੇ ਦਾਖਿਲ ਕਰਵਾਇਆ ਗਿਆ। ਇਥੇ ਆਪਨੇ ਅੰਗਰੇਜੀ ਦੀ ਜੂਨੀਅਰ ਅਤੇ ਸੀਨੀਅਰ ਕਲਾਸ ਪੜ੍ਹੀ। ਇਸ ਸਕੂਲ ਵਿੱਚ ਵੀ ਆਪਨੂੰ ਛੋਟੀ ਜਾਤ ਦੇ ਹੋਣ ਕਰਕੇ ਬੇਹੱਦ ਤਸੀਹੇ ਝੱਲਣੇ ਪਏ। ਸਰਦੀਆਂ ਅਤੇ ਗਰਮੀਆਂ ਵਿੱਚ ਵੀ ਆਪਨੂੰ ਬਾਹਰ ਬੈਠਣ ਲਈ ਮਜ਼ਬੂਰ ਕੀਤਾ ਜਾਂਦਾ। ਭਾਰੀ ਬਾਰਸ਼ ਵਿੱਚ ਵੀ ਆਪਨੂੰ ਬਾਹਰ ਹੀ ਖੜ੍ਹੇ ਹੋਣਾ ਪੈਂਦਾ। ਅਧਿਆਪਕ ਸਕੂਲ ਦੇ ਕਮਰੇ ਵਿੱਚ ਵੜ੍ਹਨ ਤਾਂ ਕੀ ਕੰਧਾਂ ਨੂੰ ਵੀ ਹੱਥ ਨਾ ਲਾਉਂਣ ਦਿੰਦੇ।

1905 ਵਿੱਚ ਆਪਦੇ ਨਾਲ ਬਹੁਤ ਮੰਦਭਾਗੀ ਘਟਨਾ ਵਾਪਰੀ ਜਿਸਨੇ ਆਪਨੂੰ ਪੂਰੀ ਤਰ੍ਹਾਂ ਝੰਜੋੜਕੇ ਰੱਖ ਦਿੱਤਾ । ਸਕੂਲ ਵਿੱਚ ਇੱਕ ਦਿਨ ਸਖਤ ਹਨੇਰੀ ਆਈ ਜਿਸ ਨਾਲ ਆਪਦੀ ਛੱਤਰੀ ਟੁੱਟ ਗਈ । ਭਾਰੀ ਬਾਰਸ਼ ਅਤੇ ਗੜ੍ਹਿਆਂ ਨੇ ਆਪਨੂੰ ਬੁਰੀ ਤਰ੍ਹਾਂ ਭੰਨ ਸੁੱਟਿਆ। ਗੜਿਆਂ ਦੀ ਮਾਰ ਤੋਂ ਤੰਗ ਆਕੇ ਆਪ ਦੌੜਕੇ ਸਕੂਲ ਦੇ ਕਮਰੇ ਵਿੱਚ ਜਾ ਬੜੇ। ਆਪਜੀ ਦਾ ਅਧਿਆਪਕ ਪੋਲੋ ਰਾਮ ਬਰਾਮਣ ਸੀ। ਉਸਨੇ ਆਪਨੂੰ ਬਹੁਤ ਮਾਰਿਆ ਅਤੇ ਵਰ੍ਹਦੇ ਮੀਂਹ ਵਿੱਚ ਹੀ ਬਾਹਰ ਕੱਢ ਦਿੱਤਾ। ਅਧਿਆਪਕ ਵਲੋਂ ਮਾਰੀਆਂ ਗਈਆਂ ਬੈਂਤਾਂ ਦੀ ਸੱਟ ਅਤੇ ਗੜ੍ਹਿਆਂ ਦੀ ਮਾਰ ਨੇ ਆਪਨੂੰ ਬੇਹੋਸ਼ ਕਰ ਦਿੱਤਾ । ਬਾਬੂ ਮੰਗੂ ਰਾਮ ਮੁਤਾਬਿਕ , " ਮੈਂ ਜਿਸਮਾਨੀ ਸੱਟਾਂ ਤਾਂ ਜ਼ਰ ਲਈਆਂ ਪਰ ਉਸ ਅਧਿਆਪਕ ਦੇ ਬੋਲ ਕਿ ਚੂੜੇ ਚੁਮਾਰ ਪੜ੍ਹਨ ਲੱਗ ਪਏ ਤਾਂ ਸਾਡੀਆਂ ਬੁੱਤੀਆਂ ਕੌਣ ਕਰੋਗਾ " ਜ਼ਰੇ ਨਾ ਗਏ। ਆਪ ਸਾਰੀ ਰਾਤ ਜਿਸਮਾਨੀ ਅਤੇ ਮਾਨਸਿਕ ਸੱਟਾਂ ਬਾਰੇ। ਸੋਚਦੇ ਰਹੇ । ਦੂਸਰੇ ਦਿਨ ਆਪ ਸਕੂਲ ਗਏ ਤਾਂ ਦੇਖਿਆ ਕਿ ਸਾਰੇ ਮੇਜ਼ ਕੁਰਸੀਆਂ ਅਤੇ ਹੋਰ ਸਮਾਨ ਕਮਰੇ ਵਿੱਚੋਂ ਬਾਹਰ ਕੱਢਕੇ ਅੰਦਰ ਪਾਣੀ ਛਿੜਕਕੇ ਦੁਬਾਰਾ ਰੱਖੇ ਗਏ। ਆਪਜੀ ਨੂੰ ਦੇਖਕੇ ਅਧਿਆਪਕ ਜੋਰ ਜੋਰ ਨਾਲ ਗੰਦੀਆਂ ਗਾਲਾਂ ਕੱਢਣ ਲੱਗ ਪਿਆ। ਆਪ ਆਪਣਾ ਸਮਾਨ ਚੁੱਕਕੇ ਆਪਣੇ ਪਿੰਡ ਮੁੱਗੋਵਾਲ ਨੂੰ ਆ ਗਏ। ਆਪ ਛੂਆ ਛਾਤ ਨੂੰ ਸਹਿਣ ਕਰਦੇ ਹੋਏ ਵੀ ਕਲਾਸ ਵਿੱਚੋਂ ਤੀਸਰੇ ਨੰਬਰ ਤੇ ਰਹੇ। ਆਪਨੂੰ ਪਟਵਾਰੀ ਦੀ ਨੌਕਰੀ ਮਿਲੀ ਪਰ ਪਿਤਾ ਜਾ ਦਾ ਚਮੜੇ ਦਾ ਚੰਗਾ ਕਾਰੋਬਾਰ ਹੋਣ ਕਰਕੇ ਨੌਕਰੀ ਨਹੀਂ ਕੀਤੀ। 1905 ਤੋਂ 1906 ਤੱਕ ਆਪ ਆਪਣੇ ਪਿਤਾ ਨਾਲ ਹੀ ਹੱਥ ਵਟਾਉਂਦੇ ਰਹੇ।



ਪਿੰਡ ਮੁੱਗੋਵਾਲ 'ਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਘਰ ਦੀ ਇਕ ਪੁਰਾਣੀ ਤਸਵੀਰ।
(ਫੋਟੋ ਸ਼ਿਵ ਕੁਮਾਰ ਬਾਵਾ)

ਬਾਬੂ ਮੰਗੂ ਰਾਮ ਉਚੇਰੀ ਵਿਦਿਆ ਗ੍ਰਹਿਣ ਕਰਨ ਦੇ ਇਛੁੱਕ ਸਨ ਜਿਸ ਲਈ ਉਹ 1909 ਵਿੱਚ ਅਮਰੀਕਾ ਚਲੇ ਗਏ। ਉਥੇ ਆਪ ਜ਼ਿਮੀਦਾਰਾਂ ਦੇ ਖੇਤਾਂ ਵਿੱਚ ਕੰਮ ਕਰਕੇ ਪੈਸੇ ਕਮਾਉਂਣ ਅਤੇ ਪੜ੍ਹਾਈ ਕਰਨ ਲੱਗ ਪਏ। ਪੜ੍ਹਾਈ ਦੇ ਨਾਲ ਕਮਾਈ ਦਾ ਕੁੱਝ ਪੈਸੇ ਆਪਣੇ ਪਿਤਾ ਨੂੰ ਵੀ ਭੇਜਦੇ ਰਹੇ। 1913 ਵਿੱਚ ਕੈਲੇਫੋਰਨੀਆਂ ਦੇ ਸ਼ਹਿਰ ਸਨਫਰਾਂਸਿਸਕੋ ਵਿੱਚ ਲਾਲਾ ਹਰਦਿਆਲ ਜੀ ਦੀ ਅਗਵਾਈ ਵਿੱਚ ਗਦਰ ਪਾਰਟੀ ਦਾ ਗਠਨ ਹੋਇਆ । ਗਦਰ ਪਾਰਟੀ ਵਿੱਚ ਆਪਜੀ ਨੂੰ ਵੀ ਸ਼ਾਮਿਲ ਕਰ ਲਿਆ ਗਿਆ। ਗਦਰ ਪਾਰਟੀ ਦੀ ਅਖਬਾਰ ਗਦਰ ਗੂੰਜ਼ ਰਾਹੀਂ ਆਪਨੇ ਆਪਣੇ ਵਿਚਾਰਾਂ ਨਾਲ ਪੂਰੇ ਸੰਸਾਰ ਵਿੱਚ ਆਪਣੀ ਪਹਿਚਾਣ ਬਣਾਈ। ਆਪਦਾ ਇਥੇ ਚੋਟੀ ਦੇ ਆਗੂਆਂ ਨਾਲ ਮੇਲ ਹੋਇਆ ਜੋ ਹਿੰਦੋਸਤਾਨ ਨੂੰ ਅੰਗਰੇਜੀ ਸਾਮਰਾਜ ਤੋਂ ਮੁਕਤ ਕਰਵਾਉਂਣ ਲਈ ਯੋਜਨਾ ਬੱਧ ਸੰਘਰਸ਼ ਕਰ ਰਹੇ ਸਨ। ਆਪਦੇ ਕਈ ਸਾਲ ਗਦਰੀਆਂ ਨਾਲ ਕੰਮ ਕੀਤਾ ਅਤੇ ਦੁੱਖ ਤਕਲੀਫਾਂ ਝੱਲੀਆਂ । ਦਸੰਬਰ 1925 ਵਿੱਚ ਆਪ ਅਮਰੀਕਾ ਤੋਂ ਵਾਪਿਸ ਪਿੰਡ ਮੁਗੋਵਾਲ ਆ ਗਏ ਜਿਸ ਛੂਆ ਛਾਤ ਤੋਂ ਤੰਗ ਆਕੇ ਆਪ ਵਿਦੇਸ਼ ਗਏ ਸਨ ਉਹੀ ਵਰਤਾਰਾ ਅਤੇ ਬਿਮਾਰੀ ਨੇ ਆਪਦੇ ਮਨ ਨੂੰ ਹੋਰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਆਪਨੇ ਦਲਿਤਾਂ ਨਾਲ ਹੁੰਦੀ ਵਧੀਕੀ ਦਾ ਹਾਲ ਲਾਲਾ ਹਰਦਿਆਲ ਨੂੰ ਲਿਖਕੇ ਭੇਜਿਆ ਅਤੇ ਲਿਖਿਆ ਕਿ ਜਦੋਂ ਤੱਕ ਛੂਆ ਛਾਤ ਦੂਰ ਨਹੀਂ ਹੁੰਦੀ ਤੱਦ ਤੱ ਕ ਭਾਰਤ ਅਜ਼ਾਦ ਨਹੀਂ ਹੋ ਸਕਦਾ । ਬਾਬੂ ਮੰਗੂ ਰਾਮ ਦੇ ਉਦਮ ਨਾਲ ਭਾਰਤ ਦੀਆਂ ਅਛੂਤ ਕੌਮਾਂ ਨੂੰ ਉਭਾਰਨ ਅਤੇ ਜਾਗ੍ਰਿਤ ਕਰਨ ਲਈ 1926 ਵਿੱਚ ਅਛੂਤ ਸੁਧਾਰ ਪ੍ਰੋਗਰਾਮ ਤਿਆਰ ਕੀਤਾ ਗਿਆ ਜਿਸ ਤਹਿਤ 11 ਅਤੇ 12 ਜੂਨ 1926 ਨੂੰ ਪਹਿਲੀ ਆਦਿ ਧਰਮ ਅਛੂਤ ਕਾਨਫਰੰਸ ਪਿੰਡ ਮੁੱਗੋਵਾਲ (ਮਾਹਿਲਪੁਰ) ਵਿੱਚ ਪੰਜਾਬ ਦੀਆਂ ਸਾਰੀਆਂ ਅਛੂਤ ਬਰਾਦਰੀਆਂ ਵਲੋਂ ਕੀਤੀ ਗਈ ਜੋ ਇਤਿਹਾਸਿਕ ਕਾਨਫਰੰਸ ਹੋ ਨਿਬੜੀ । ਇਸ ਕਾਂਨਫਰੰਸ ਵਿੱਚ ਲੱਖਾਂ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਤਿੱਖਾਂ ਸੰਘਰਜਸ਼ ਕਰਨ ਦਾ ਪ੍ਰਣ ਲਿਆ।

ਬਾਬੂ ਮੰਗੂ ਰਾਮ ਆਦਿ ਧਰਮ ਲਹਿਰ ਦੇ ਮੋਢੀ ਬਣੇ। ਆਪਨੇ ਅਛੂਤ ਜਾਤੀਆਂ ਨਾਲ ਸਬੰਧਤ 12 ਮੰਗਾਂ ਪੂਰੀਆਂ ਕਰਵਾਉਂਣ ਲਈ ਲੱਖਾਂ ਲੋਕਾਂ ਨਾਲ ਲੈ ਕੇ ਸੰਘਰਸ਼ ਕੀਤਾ ਅਤੇ 1950 ਵਿੱਚ ਪੂਰਾ ਕਰ ਦਿੱਤੇ 1926 ਵਿੱਚ ਉਠੀ ਬਾਬੂ ਮੰਗੂ ਰਾਮ ਦੀ ਲਹਿਰ ਨੇ ਉਸ ਵੇਲੇ ਦੇ ਹਾਕਮਾਂ ਦੀਆਂ ਜੜ੍ਹਾਂ ਹਿਲਾਕੇ ਰੱਖ ਦਿੱਤੀਆਂ।

ਆਦਿ ਧਰਮ ਮਿਸ਼ਨ ਨੇ ਆਪਦੀ ਅਗਵਾਈ ਵਿੱਚ ਇਕ ਜਨ ਅੰਦੋਲਨ ਦਾ ਰੂਪ ਧਾਰਿਆ। ਬਾਬੂ ਮੰਗੂ ਬਾਮ ਮੁੱਗੋਵਾਲੀਆ ਅਤੇ ਉਹਨਾਂ ਦੇ ਸੰਘਰਸ਼ ਬਾਰੇ ਖੋਜ਼ ਭਰਪੂਰ ਪੁਸਤਕ ' ਰਿਲੀਜੀਅਸ ਰੀਬੈਲਸ ਇਨ ਪੰਜਾਬ' 1988 ਵਿੱਚ ਮਾਰਕਸ ਜੁਅਰਜੈਨ ਸਮੇਰ ਨੇ ਲਿਖੀ। ਇਸ ਪੁਸਤਕ ਦਾ ਜਿਕਰ ਪ੍ਰਸਿੱਧ ਪੱਤਰਕਾਰ ਖੁਸ਼ਵੰਤ ਸਿੰਘ ਨੇ ਵੀ ਆਪਣੇ ਲੇਖ ' ਮੰਗੂ ਰਾਮ ਤੋਂ ਕਾਂਸ਼ੀ ਰਾਮ ਤੱਕ ਵਿੱਚ ਕੀਤਾ ਸੀ। ਆਦਿ ਧਰਮ ਅੰਦੋਲਨ ਦੀ ਸ਼ੁਰੂਆਤ ਦਲਿਤ ਜਾਤੀ ਨਾਲ ਸਬੰਧਤ ਤਿੰਨ ਵਿਆਕਤੀਆਂ ਸ੍ਰੀ ਬਸੰਤ ਰਾਏ, ਸ੍ਰੀ ਠਾਕੁਰ ਚੰਦ ਅਤੇ ਸੁਵਾਮੀ ਸ਼ੂਦਰਾ ਨੰਦ ਤੋਂ ਹੋਈ। ਇਹ ਸਭ ਆਰੀਆ ਸਮਾਜੀ ਸਨ ਅਤੇ ਜਲੰਧਰ ,ਕਪੂਰਥਲਾ ਅਤੇ ਹੁਸ਼ਿਆਰਪੁਰ ਦੇ ਦਿਹਾਤੀ ਇਲਾਕਿਆਂ ਨਾਲ ਸਬੰਧਤ ਸਨ। ਬੇਸ਼ੱਕ ਹਿੰਦੂਆਂ ਅਤੇ ਜਗੀਰਦਾਰਾਂ ਨੇ ਅਛੂਤਾਂ ਨੂੰ ਹਿੰਦੂ ਜਾਂ ਸਿੱਖ ਧਰਮ ਲਿਖਾਉਣ ਤੋਂ ਇਲਾਵਾ ਜਾਂ ਹੋਰ ਧਰਮ ਲਿਖਾਉ ਣ ਲਈ ਸਮਾਜਿਕ ਬਾਈਕਾਟ ,ਜਾਨੋ ਮਾਰਨ ਅਤੇ ਆਰਥਿਕ ਪਾਬੰਦੀਆਂ ਲਾਉਂਣ ਦੀਆਂ ਪਾਬੰਦੀਆਂ ਦਿੱਤੀਆਂ ਹੋਈਆਂ ਸਨ ਫਿਰ ਵੀ ਪੰਜਾਬ ਵਿੱਚ 1931 ਦੀ ਮਰਦਮ ਸ਼ਮਾਰੀ ਵੇਲੇ 4 18 789 ਲੋਕਾਂ ਨੇ ਬਾਬੂ ਮੰਗੂ ਰਾਮ ਦੀ ਗੱਲ ਮੰਨਦਿਆਂ ਆਪਣੇ ਆਪਨੂੰ ਆਦਿ ਧਰਮੀ ਲਿਖਵਾਇਆ । ਜਦੋਂ 1930,31ਅਤੇ 32 ਦੀਆਂ ਗੋਲ ਮੇਜ ਕਾਨਫਰੰਸਾਂ ਵਿੱਚ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਇਹ ਸਵਾਲ ਉਠਾਇਆ ਕਿ ਡਾਕਟਰ ਅੰਬੇਡਕਰ ਸਾਹਿਬ ਅਛੂਤਾਂ ਦੇ ਆਗੂ ਨਹੀਂ ਹਨ ਤਾਂ ਉਸ ਸਮੇਂ ਬਾਬੂ ਮੰਗੂ ਰਾਮ ਨੇ ਡਾਕਟਰ ਅੰਬੇਡਕਰ ਦੇ ਹੱਕ ਵਿੱਚ ਆਦਿ ਧਰਮ ਦੀ ਹਮਾਇਤ ਦੀਆਂ ਤਾਰਾਂ ਭੇਜੀਆਂ। ਇਸ ਤੋਂ ਇਲਾਵਾ ਜਦੋਂ ਬਰਤਾਨਵੀ ਸਰਕਾਰ ਨੇ ਦਲਿਤਾਂ ਨੂੰ ਕਮਿਊਨਲ ਐਵਾਰਡ ਦਿੱਤਾਂ ਤਾਂ ਗਾਂਧੀ ਨੇ ਅਛੂਤਾਂ ਨੂੰ ਮਿਲੇ ਇਸ ਹੱਕ ਦੇ ਵਿਰੋਧ ਵਿੱਚ ਮਰਨ ਵਰਤ ਰੱਖ ਦਿੱਤਾ ਤਾਂ ਉਸ ਸਮੇਂ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਵੀ ਡਾਕਟਰ ਅੰਬੇਕਰ ਦੇ ਹੱਕ ਅਤੇ ਗਾਂਧੀ ਦੇ ਵਿਰੋਧ ਵਿੱਚ ਮਰਨ ਵਰਤ ਰੱਖ ਦਿੱਤਾ ਜੋ ਪੂਨਾ ਪੈਕਟ ਸਮਝੌਤੇ ਤੱਕ ਜਾਰੀ ਰਿਹਾ।

ਬਾਬੂ ਮੰਗੂ ਰਾਮ ਇਕ ਸੰਘਰਸ਼ਸ਼ੀਲ ਆਗੂ ਸਨ । ਆਪਣੇ ਸੰਘਰਸ਼ ਸਦਕਾ ਉਹ ਦੋ ਵਾਰ ਵਿਧਾਇਕ ਵੀ ਚੁਣੇ ਗਏ। ਉਸ ਵਕਤ ਵਿਧਾਇਕ ਕੋਲ ਤਿੰਨਾਂ ਜ਼ਿਲ੍ਹਿਆ ਜਿੱਡਾ ਹਲਕਾ ਹੁੰਦਾ ਸੀ। ਆਪ ਵਲੋਂ ਲਹੋਰ ਐਸੰਬਲੀ ਵਿੱਚ ਦਿੱਤਾ ਗਿਆ ਭਾਸ਼ਨ ਅੱਜ ਵੀ ਯਾਦ ਕਰਦੇ ਹਨ । ਆਪ ਵਲੋਂ ' ਆਦਿ ਡੰਕਾਂ ਨਾਮ ਦਾ ਇਕ ਪਾਰਟੀ ਅਖਰਾਰ ਵੀ ਕੱਢਿਆ ਗਿਆ ਜਿਸਨੇ ਸਮੇਂ ਦੇ ਹਾਕਮਾਂ ਦੀ ਬੋਲਤੀ ਬੰਦ ਕੀਤੀ ਹੋਈ ਸੀ। ਬਾਬੂ ਮੰਗੂ ਰਾਮ ਮੁੱਗੋਵਾਲੀਆ ਵਲੋਂ ਦਰਸਾਏ ਰਾਹ ਤੇ ਚੱਲਦਿਆਂ ਸਮਾਜ ਵਿੱਚ ਨਫਰਤ ਅਤੇ ਅਸਮਾਨਤਾ ਫੈਲਾਉਦੀ ਸਮਾਜਿਕ ਵਿਵਸਥਾ ਨੂੰ ਬਦਲਣ ਲਈ ਹਰ ਵਰਗ ਨੂੰ ਲਾਮਬੰਦ ਹੋਣਾ ਚਾਹੀਦਾ ਹੈ।

## ਪਰਕਸ ਵਲੋਂ ਪ੍ਰਸਿੱਧ ਲੇਖਕ ਤਲਵਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, (ਚਰਨਜੀਤ ਸਿੰਘ ਗੁਮਟਾਲਾ)- ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ/ ਅੰਮ੍ਰਿਤਸਰ (ਪਰਕਸ) ਵੱਲੋਂ ਉੱਘੇ ਲੇਖਕ ਤੇ ਕੇਂ-ਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਤੇ ਜਨਵਾਦੀ ਲੇਖਕ ਸੰਘ ਅੰਮ੍ਰਿਤਸਰ ਦੇ ਪ੍ਰਧਾਨ ਸ.ਤਲਵਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ੍ਰੀ ਮਤੀ ਬਲਵਿੰਦਰ ਕੌਰ ਦੀ ਸੜਕੀ ਦੁਰਘਟਨਾ ਵਿਚ ਹੋਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੋਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਸਕੱਤਰ ਸ. ਜੋਧ ਸਿੰਘ ਚਾਹਲ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਬੋਰਡ ਆਫ਼ ਉਪ; ਡਾਇਰੈਟਰਜ਼ ਦੇ ਮੈਂਬਰਾਨ ਡਾ. ਸੁਰਿੰਦਰਪਾਲ ਸਿੰਘ ਮੰਡ, ਸ੍ਰੀ ਮਤੀ ਸੁਖਚਰਨਜੀਤ ਕੌਰ ਗਿੱਲ, ਡਾ. ਹਰਜਿੰਦਰ ਸਿੰਘ ਸੂਰੇਵਾਲੀਆ, ਸ.ਜਸਵੰਤ ਸਿੰਘ, ਡਾ.ਗੁਲਜਾਰ ਸਿੰਘ ਕੰਗ, ਪ੍ਰਿਸੀਪਲ ਅੰਮ੍ਰਿਤ ਲਾਲ ਮੰਨਣ, ਡਾ. ਜੋਗਿੰਦਰ ਸਿੰਘ ਨਿ-ਰਾਲਾ, ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਡਾ. ਜਗੀਰ ਸਿੰਘ ਨੂਰ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਇਕ ਪੰਜਾਬੀ ਸਿਤਾਰਾ ਸੜਕੀ ਦੁਰਘਟਨਾ ਨੇ ਸਾਡੇ ਕੋਲੋਂ ਖੋਹ ਲਿਆ ਹੈ, ਜਿਸ ਨੇ ਵਖ ਵਖ ਅਖਬਾਰਾਂ ਤੇ ਮੈਗਜੀਨਾਂ ਵਿਚ ਵਖ ਵਖ ਵਿਸ਼ਿਆਂ ਤੇ ਲੇਖ ਲਿਖਣ ਤੋਂ ਇਲਾਵਾ ਮਾਂ ਬੋਲੀ ਪੰਜਾਬੀ ਦੀ ਝੋਲੀ ਵਿਚ ਛੇ ਕਹਾਣੀ ਸੰਗ੍ਰਹਿ ਤੇ ਦੋ ਨਾਵਲ ਪਾਏ।ਉਹ ਇਕ ਅਗਾਂਹ ਵਧੂ ਲੇਖਕ ਸੀ, ਜਿਸ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।ਦੁਖੀ ਪ੍ਰਵਾਰ ਨਾਲ ਦੁਖ ਸਾਂਝਾ ਕਰਦੇ ਹੋਏ, ਪਰਕਸ ਵਲੋਂ ਵਿਛੜੀਆਂ ਰੂਹਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਵੀ ਕੀਤੀ ਗਈ।



ਅਦਾਰਾ ਦੇਸ਼ ਦੁਆਬਾ ਇਸ ਦੁੱਖ ਦੀ ਘੜੀ ਵਿਚ ਜਿੱਥੇ ਤਲਵਿੰਦਰ ਸਿੰਘ ਅਤੇ ਉਹਨਾਂ ਦੀ ਪਤਨੀ ਨੂੰ ਦੁੱਖੀ ਹਿਰਦੇ ਨਾਲ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ, ਉਥੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੀ ਤੰਦਰੁਸਤੀ ਲਈ ਪਰਵਰਦਗਾਰ ਅੱਗੇ ਅਰਦਾਸ ਕਰਦਾ ਹੈ।

---------



ਸ. ਕਰਮ ਸਿੰਘ ਬੰਗੜ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੀਫੋਰਨੀਆ) ਨੂੰ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਚੇਅਰਮੈਨ ਸ੍ਰੀ ਨੰਦ ਲਾਲ, ਪ੍ਰਧਾਨ ਸ. ਨਿਰਮਲ ਸਿੰਘ, ਟਰੱਸਟੀ ਮੈਂਬਰ ਸ੍ਰੀ ਸੁਖਰਾਮ ਅਤੇ ਗੁਰੂ ਘਰ ਦੇ ਗ੍ਰੰਥੀ ਭਾਈ ਸਾਹਿਬ ਭਾਈ ਅਸ਼ਵਿੰਦਰ ਸਿੰਘ ਆਦਿ ਸਨਮਾਨਿਤ ਕਰਦੇ ਹੋਏ।

## ਵੀਜ਼ਾ ਬੁਲਿਅਟਨ ਭਾਰਤ ਦਸੰਬਰ 2013

| ਸ਼੍ਰੇਣੀ | ਤਾਰੀਕਾਂ |
|---|---|
| 1. | ਅਮਰੀਕਨ ਨਾਗਰਿਕਾਂ ਦੇ ਅਣਵਿਆਹੇ ਬੇਟੇ ਤੇ ਬੇਟੀਆਂ 15 ਨਵੰਬਰ2006 |
| 2ੳ. | ਪਕੇ ਵਸਨੀਕਾਂ ਦੇ ਪਤੀ / ਪਤਨੀ ਤੇ ਬਚੇ 08 ਸਤੰਬਰ 2013 |
| 2ਅ. | ਪਕੇ ਵਸਨੀਕਾਂ ਦੇ ਅਣਵਿਆਹੇ ਬੇਟੇ ਤੇ ਬੇਟੀਆਂ 01 ਮਈ 2006 |
| 3. | ਅਮਰੀਕਨ ਨਾਗਰਿਕਾਂ ਦੇ ਵਿਆਹੇ ਬੇਟੇ ਤੇ ਬੇਟੀਆਂ 08 ਮਾਰਚ 2003 |
| 4. | ਅਮਰੀਕਨ ਨਾਗਰਿਕਾਂ ਦੇ ਭੈਣ ਤੇ ਭਰਾ 08 ਸਤੰਬਰ 2001 |

ਸਪੈਸ਼ਲ ਨੋਟ: ਵੀਜਿਆਂ ਦਾ ਪਿਛਲੇ ਸਾਲਾਂ ਦੇ ਪ੍ਰਾਪਤ ਕਰਨ ਵਾਲੇ ਰਹਿ ਗਏ ਉਮੀਦਵਾਰਾਂ ਨੂੰ ਪਹਿਲ ਦੇਣ ਲਈ ਸਾਰਿਆਂ ਵੀਜਿਆਂ ਦੀਆਂ ਕੈਟਾਗਰੀਆਂ ਦਾ ਸਮਾਂ ਪਿਛੇ ਗਿਆ ਹੈ, ਜੇਕਰ ਕਿਸੇ ਪਾਠਕ ਨੂੰ ਪ੍ਰਸ਼ਨ ਹੋਵੇ ਤਾਂ ਇਮੀਗ੍ਰੇਸ਼ਨ ਵਿਭਾਗ ਨੂੰ ਫੋਨ ਕਰ ਸਕਦਾ ਹੈ

ਨੋਟ: ਜੇਕਰ ਕਿਸੇ ਪਾਠਕ ਦਾ ਪ੍ਰਸ਼ਨ ਹੋਵੇ ਤਾਂ ਦਿਤੇ ਈਮੇਲ ਐਡਰੈਸ ਤੇ ਆਪਣਾ ਸਵਾਲ ਵੇਰਵੇ ਸਹਿਤ ਫੋਨ ਨੰਬਰ ਸਮੇਤ ਭੇਜੋ ਸਿਰਫ ਉਨਾਂ ਈਮੇਲ ਦਾ ਜੁਆਬ ਦਿਤਾ ਜਾਵੇਗਾ ਜਿਨ੍ਹਾਂ ਵਿਚ ਨਾਂ ਤੇ ਫੋਨ ਨੰਬਰ ਦਿਤਾ ਹੋਵੇਗਾ, ਜੇਕਰ ਕਿਸੇ ਪਾਠਕ ਨੇ ਫੋਨ ਤੇ ਗਲਬਾਤ ਕਰਨੀ ਤਾਂ ਸਿਰਫ ਸ਼ਨੀਵਾਰ ਜਾਂ ਐਤਵਾਰ

ਫੋਨ ਕਰੋ- 408-449-9388
dhillonjaspal@hotmail.com

# ਭਾਰਤ ਦਾ ਮਹਾਨ ਮੰਗਲ ਮਿਸ਼ਨ



ਆਂਧਰਾ ਪ੍ਰਦੇਸ਼ ਦੇ ਸ੍ਰੀਹਰੀਕੋਟਾ ਤੋਂ ਮੰਗਲਯਾਨ ਸਫ਼ਲਤਾ-ਪੂਰਬਕ ਦਾਗੇ ਜਾਣ ਤੋਂ ਬਾਅਦ ਪੋਲਰ ਰਾਕਟ ਦੁਆਰਾ ਇਸ ਨੂੰ ਸਹੀ ਢੰਗ ਨਾਲ ਧਰਤੀ ਦੇ ਗ੍ਰਹਿ ਪੰਧ 'ਤੇ ਪਾ ਦਿੱਤੇ ਜਾਣ ਨਾਲ ਇਸ ਖੇਤਰ ਵਿੱਚ ਭਾਰਤ ਦੁਨੀਆਂ ਦੇ ਚੋਣਵੇਂ ਮੁਲਕਾਂ ਵਿੱਚ ਸ਼ਾਮਲ ਹੋ ਗਿਆ ਹੈ। ਇਸ ਤੋਂ ਪਹਿਲਾਂ ਇਸ ਖੇਤਰ ਵਿੱਚ ਅਮਰੀਕਾ, ਰੂਸ ਅਤੇ ਯੂਰਪ ਹੀ ਸਫ਼ਲਤਾ ਪ੍ਰਾਪਤ ਕਰ ਸਕੇ ਹਨ ਜਦੋਂਕਿ ਚੀਨ ਤੇ ਜਪਾਨ ਦੇ ਮੰਗਲ ਮਿਸ਼ਨ ਫੇਲ੍ਹ ਹੋ ਚੁੱਕੇ ਹਨ। ਮਾਰਸ ਆਰਬਿਟਰ ਮਿਸ਼ਨ ਦਾ ਰਸਮੀ ਐਲਾਨ ਪਿਛਲੇ ਸਾਲ ਸੁਤੰਤਰਤਾ ਦਿਵਸ ਮੌਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੀਤਾ ਸੀ। ਇਸ ਇਤਿਹਾਸਕ ਪ੍ਰਾਪਤੀ ਲਈ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ 'ਇਸਰੋ' ਦੇ ਵਿਗਿਆਨੀਆਂ ਨੂੰ ਵਧਾਈ ਦਿੰਦਿਆਂ ਇਸ ਨੂੰ ਦੇਸ਼ ਲਈ ਬੇਹੱਦ ਮਾਣ ਵਾਲੀ ਗੱਲ ਕਿਹਾ ਹੈ। ਲਗਪਗ 450 ਕਰੋੜ ਰੁਪਏ ਦੀ ਲਾਗਤ ਵਾਲੇ ਮਿਸ਼ਨ ਦਾ ਪਹਿਲਾ ਪੜਾਅ ਨੇਪਰੇ ਚੜ੍ਹ ਗਿਆ ਹੈ। 'ਇਸਰੋ' ਦੇ ਇਸ ਮਿਸ਼ਨ ਦਾ ਮੰਤਵ 'ਲਾਲ ਗ੍ਰਹਿ' ਉੱਤੇ ਪੁੱਜਣ ਦੀ ਸਮਰੱਥਾ ਪ੍ਰਾਪਤ ਕਰਨਾ ਅਤੇ ਉੱਥੇ ਜੀਵਨ ਦੀਆਂ ਪੈੜਾਂ ਲੱਭਣ ਲਈ ਮੀਥੇਨ ਗੈਸ ਹੋਣ ਦਾ ਪਤਾ ਲਾਉਣ 'ਤੇ ਧਿਆਨ ਕੇਂਦਰਤ ਕਰਨਾ ਹੈ। 25 ਦਿਨ ਧਰਤੀ ਦੇ ਗ੍ਰਹਿ ਪੰਧ ਵਿੱਚ ਰਹਿਣ ਮਗਰੋਂ ਛੋਟੇ ਆਕਾਰ ਦੀ ਕਾਰ ਜਿੱਡਾ ਇਹ 'ਮੰਗਲਯਾਨ' ਪਹਿਲੀ ਦਸੰਬਰ ਨੂੰ ਮੰਗਲ ਵੱਲ ਰੁਖ਼ ਕਰੇਗਾ ਜਦੋਂਕਿ ਇਸ ਦੇ 'ਲਾਲ ਗ੍ਰਹਿ' ਦੇ ਗ੍ਰਹਿ ਪੰਧ ਵਿੱਚ ਅਗਲੇ ਸਾਲ 24 ਸਤੰਬਰ ਨੂੰ ਪੈ ਜਾਣ ਦੀ ਆਸ ਹੈ ਜੋ ਇਸਰੋ ਵਿਗਿਆਨੀਆਂ ਲਈ ਇੱਕ ਹੋਰ ਵੱਡੀ ਚੁਣੌਤੀ ਹੋਵੇਗੀ। ਭਾਰਤ ਦੇ ਮੰਗਲ ਮਿਸ਼ਨ ਦੀ ਸਫ਼ਲਤਾ ਦੇ ਸਨਮੁੱਖ ਭਾਵੇਂ ਹਾਲੇ ਕਾਫ਼ੀ ਚੁਣੌਤੀਆਂ ਹਨ ਪਰ ਭਾਰਤੀ ਵਿਗਿਆਨਕਾਂ ਦੇ ਹੌਂਸਲੇ ਬੁਲੰਦ ਜਾਪਦੇ ਹਨ, ਜਿਸ ਤੋਂ ਸਪਸ਼ਟ ਹੈ ਕਿ ਜਿੱਤ ਉਨ੍ਹਾਂ ਦੇ ਕਦਮ ਚੁੰਮੇਗੀ। ਜੇ ਭਾਰਤ ਇਸ ਮਿਸ਼ਨ ਵਿੱਚ ਕਾਮਯਾਬ ਹੋ ਜਾਂਦਾ ਹੈ ਤਾਂ ਇਸ ਖੇਤਰ ਵਿੱਚ ਇਹ ਏਸ਼ੀਆ ਦਾ ਪਹਿਲਾ ਅਤੇ ਅਮਰੀਕਾ, ਰੂਸ ਤੇ ਯੂਰਪ ਤੋਂ ਬਾਅਦ ਦੁਨੀਆਂ ਦਾ ਚੌਥਾ ਮੁਲਕ ਬਣ ਜਾਵੇਗਾ, ਜੋ ਸਾਡੇ ਲਈ ਬੇਹੱਦ ਮਹੱਤਵਪੂਰਨ ਪ੍ਰਾਪਤੀ ਹੋਵੇਗੀ। ਇਸ ਨਾਲ ਭਾਰਤ ਨੂੰ ਵਿਸ਼ਵ ਭਰ ਵਿੱਚ ਇੱਕ ਵਿਲੱਖਣ ਪਛਾਣ ਮਿਲੇਗੀ। ਭਾਰਤ ਦਾ ਇਹ ਮਿਸ਼ਨ ਦੁਨੀਆਂ ਨੂੰ ਹੈਰਾਨ ਕਰਨ ਵਾਲਾ ਤਾਂ ਹੈ ਹੀ, ਨਾਲ ਹੀ ਸਾਡੇ ਮੁਲਕ ਦੀ ਪੁਲਾੜ ਖੇਤਰ ਦੀਆਂ ਤਕਨੀਕਾਂ ਵਿੱਚ ਵੀ ਇੱਕ ਵੱਡੀ ਪੁਲਾਂਘ ਹੈ। ਮਨੁੱਖ ਦੁਆਰਾ ਤਿਆਰ ਕੀਤੇ ਗਏ ਯੰਤਰ ਨੂੰ ਧਰਤੀ ਤੋਂ 40 ਕਰੋੜ ਕਿਲੋਮੀਟਰ ਦੂਰ ਭੇਜਣਾ ਇੱਕ ਅਹਿਮ ਅਤੇ ਇਤਿਹਾਸਕ ਪ੍ਰਾਪਤੀ ਤੋਂ ਘੱਟ ਨਹੀਂ ਹੈ। ਭਾਰਤ ਦੇ ਮੰਗਲ ਮਿਸ਼ਨ ਤੋਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਇਹ ਮੰਗਲ ਗ੍ਰਹਿ ਉੱਤੇ ਮਨੁੱਖੀ ਜੀਵਨ ਦੀ ਤਲਾਸ਼ ਸਬੰਧੀ ਨਵੀਆਂ ਖੋਜਾਂ ਸਾਹਮਣੇ ਲਿਆਵੇਗਾ। ਜ਼ਿਕਰਯੋਗ ਹੈ ਕਿ ਭਾਰਤ ਪਹਿਲਾਂ 'ਚੰਦਰਯਾਨ' ਰਾਹੀਂ ਚੰਦ ਉੱਤੇ ਪਾਣੀ ਦੀ ਮੌਜੂਦਗੀ ਸਬੰਧੀ ਠੋਸ ਸਬੂਤ ਦੁਨੀਆਂ ਸਾਹਮਣੇ ਪੇਸ਼ ਕਰ ਚੁੱਕਿਆ ਹੈ ਅਤੇ ਉਮੀਦ ਹੈ ਕਿ ਹੁਣ ਇਹ ਮੰਗਲ ਮਿਸ਼ਨ ਰਾਹੀਂ ਮੰਗਲ ਗ੍ਰਹਿ ਦੇ ਗੁੱਝੇ ਭੇਤ ਵੀ ਵਿਸ਼ਵ ਸਾਹਮਣੇ ਪੇਸ਼ ਕਰ ਕੇ ਦੁਨੀਆਂ ਨੂੰ ਹੈਰਾਨ ਕਰ ਦੇਵੇਗਾ।

ਭਾਰਤ ਦੇ 'ਮੰਗਲ ਮਿਸ਼ਨ' ਦਾ ਇਤਿਹਾਸਕ ਆਗਾਜ਼ ਨਿਰਸੰਦੇਹ ਵਿਸ਼ਵ ਨੂੰ ਹੈਰਾਨ ਕਰਨ ਵਾਲਾ ਕ੍ਰਿਸ਼ਮਾ ਹੈ ਪਰ ਇਸ ਦੇ ਬਾਵਜੂਦ ਇਹ ਵਾਦ-ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ। ਭਾਰਤ ਦੇ 'ਮੂਨ ਮੈਨ' ਨਾਮ ਨਾਲ ਪ੍ਰਸਿੱਧ ਵਿਗਿਆਨੀ ਜੀ. ਮਾਧਵਨ ਨਾਇਰ ਨੇ ਇਸ ਮਿਸ਼ਨ ਨੂੰ ਪ੍ਰਚਾਰ ਸਟੰਟ ਦੱਸਦਿਆਂ ਕਿਹਾ ਹੈ ਕਿ ਮੁਲਕ ਨੂੰ ਮੰਗਲ ਮਿਸ਼ਨ ਦੀ ਬਜਾਏ ਸੰਚਾਰ ਉਪਗ੍ਰਹਾਂ ਦੀ ਚਿੰਤਾ ਕਰਨੀ ਚਾਹੀਦੀ ਹੈ ਅਤੇ ਪੁਲਾੜੀ ਖੋਜ ਨੂੰ ਸੰਚਾਰ, ਸਿਹਤ, ਸਿੱਖਿਆ ਤੇ ਰੁਜ਼ਗਾਰ ਜਿਹੇ ਜ਼ਰੂਰੀ ਮੁੱਦਿਆਂ ਵੱਲ ਸਮਰਪਿਤ ਕੀਤਾ ਜਾਣਾ ਚਾਹੀਦਾ ਹੈ। 'ਮੂਨ ਮੈਨ' ਤੋਂ ਇਲਾਵਾ ਭਾਰਤ ਅਤੇ ਦੁਨੀਆਂ ਦੇ ਕਾਫ਼ੀ ਬੁੱਧੀਜੀਵੀ ਵਿਅਕਤੀਆਂ ਵਿੱਚ ਵੀ ਇਹ ਬਹਿਸ ਛਿੜੀ ਹੋਈ ਹੈ ਕਿ ਕੀ ਅਨੇਕਾਂ ਸਮੱਸਿਆਵਾਂ ਵਿੱਚ ਘਿਰੇ ਭਾਰਤ ਜਿਹੇ ਗ਼ਰੀਬ ਅਤੇ ਵਿਕਾਸਸ਼ੀਲ ਮੁਲਕ ਨੂੰ ਇੰਨੇ ਮਹਿੰਗੇ ਪੁਲਾੜੀ ਮਿਸ਼ਨਾਂ ਵੱਲ ਰੁਚਿਤ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿੱਚ ਅਮੀਰ ਦੇਸ਼ਾਂ ਦੀ ਦੌੜ ਲੱਗੀ ਹੋਈ ਹੈ। ਉਨ੍ਹਾਂ ਅਨੁਸਾਰ ਇਸ ਕਾਰਜ ਦੇ ਮੁਢਲੇ ਦੌਰ ਤੋਂ ਭਾਰਤ ਨੂੰ ਕੁਝ ਵੀ ਹਾਸਲ ਹੋਣ ਦੀ ਸੰਭਾਵਨਾ ਨਹੀਂ ਹੈ। ਖੱਬੇ ਪੱਖੀ ਅਰਥ-ਸ਼ਾਸਤਰੀਆਂ ਨੇ ਵੀ ਸ਼ੁਰੂ ਵਿੱਚ ਹੀ ਇਸ ਮਿਸ਼ਨ ਦੀ ਇਹ ਕਹਿ ਕੇ ਆਲੋਚਨਾ ਕੀਤੀ ਸੀ ਕਿ ਭਾਰਤ ਨੂੰ ਇਸ ਪਾਸੇ ਇੰਨੇ ਪੈਸੇ ਵਹਾਉਣ ਦੀ ਬਜਾਏ ਗ਼ਰੀਬੀ, ਭੁੱਖਮਰੀ ਅਤੇ ਬੇਰੁਜ਼ਗਾਰੀ ਦੂਰ ਕਰਨ ਵੱਲ ਯਤਨ ਕਰਨਾ ਚਾਹੀਦਾ ਹੈ।

ਮੰਗਲ ਮਿਸ਼ਨ ਦੇ ਆਲੋਚਕਾਂ ਦੀਆਂ ਦਲੀਲਾਂ ਭਾਵੇਂ ਸੁੱਟ ਪਾਉਣ ਵਾਲੀਆਂ ਨਹੀਂ ਹਨ ਪਰ ਫਿਰ ਵੀ ਕਿਸੇ ਮੁਲਕ ਦੇ ਕੌਮਾਂਤਰੀ ਵੱਕਾਰ ਲਈ ਅਜਿਹੇ ਮਿਸ਼ਨਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਅਜਿਹੇ ਪ੍ਰਾਜੈਕਟ ਦੇਸ਼ ਦੇ ਵਿਕਾਸ ਲਈ ਲੰਮੇ ਸਮੇਂ ਵਿੱਚ ਸਹਾਈ ਹੁੰਦੇ ਹਨ। ਮੌਸਮ ਦੀ ਭਵਿੱਖਬਾਣੀ, ਸੂਚਨਾ ਸੰਚਾਰ ਅਤੇ ਟੈਲੀਵੀਜ਼ਨ ਪ੍ਰਸਾਰਨ ਆਦਿ ਦੇ ਖੇਤਰ ਵਿੱਚ ਉਪਗ੍ਰਹਾਂ ਦੀ ਭੂਮਿਕਾ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪੁਲਾੜੀ ਖੇਤਰ ਵਿੱਚ ਭਾਰਤ ਦੀਆਂ ਉਪਲਬਧੀਆਂ ਨੇ ਇਸ ਨੂੰ ਆਰਥਿਕ ਤੌਰ 'ਤੇ ਮਜ਼ਬੂਤੀ ਪ੍ਰਦਾਨ ਕੀਤੀ ਹੈ। ਪਿਛਲੇ ਤਿੰਨ ਸਾਲਾਂ ਵਿੱਚ ਭਾਰਤ ਨੂੰ ਵਿਦੇਸ਼ੀ ਸੈਟੇਲਾਈਟ ਲਾਂਚ ਕਰਨ ਦੇ ਬਦਲੇ ਲਗਪਗ 2.53 ਕਰੋੜ ਯੂਰੋ ਅਤੇ 10 ਲੱਖ ਅਮਰੀਕੀ ਡਾਲਰ ਦੀ ਕਮਾਈ ਹੋਈ ਹੈ।

ਭਾਰਤੀ ਉਪਗ੍ਰਹਿ ਖ਼ਰਚੇ ਪੱਖੋਂ ਸਸਤੇ ਹੋਣ ਕਾਰਨ ਅਫ਼ਰੀਕਾ ਅਤੇ ਯੂਰਪੀ ਮੁਲਕਾਂ ਸਮੇਤ ਕਈ ਦੇਸ਼ਾਂ ਦੀ ਪਸੰਦ ਬਣ ਚੁੱਕੇ ਹਨ। ਇਸ ਲਈ ਪੁਲਾੜੀ ਮਿਸ਼ਨ ਕੇਵਲ ਖ਼ਰਚੀਲੇ ਹੀ ਨਹੀਂ ਹਨ ਬਲਕਿ ਮੁਲਕ ਲਈ ਕਮਾਈ ਦਾ ਸਾਧਨ ਵੀ ਬਣ ਰਹੇ ਹਨ। ਇਸ ਸੰਦਰਭ ਵਿੱਚ ਮੰਗਲ ਮਿਸ਼ਨ ਦੇ ਸਫ਼ਲਤਾਪੂਰਬਕ ਆਗਾਜ਼ ਲਈ ਭਾਰਤੀ ਵਿਗਿਆਨੀ ਪ੍ਰਸ਼ੰਸਾ ਦੇ ਪਾਤਰ ਹਨ। ਉਮੀਦ ਹੈ ਕਿ ਇਹ ਮਿਸ਼ਨ ਭਾਰਤ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਵਿਸ਼ੇਸ਼ ਪਛਾਣ ਪ੍ਰਦਾਨ ਕਰੇਗਾ।



# ਮੰਗਲ ਉਤੇ ਕਾਲੋਨੀਆਂ ਦਾ ਸੁਪਨਾ

ਕਈ ਫਿਲਮਾਂ ਜਿਵੇਂ '2001-ਏ ਸਪੇਸ ਆਡਿਸੀ' 'ਸਾਇਲੈਂਟ ਰਨਿੰਗ', 'ਏਲੀਅਨਜ਼' ਤੇ 'ਸਟਾਰ ਟਰੈਕ' ਵਿਚ ਕਲਪਿਤ ਸਪੇਸ ਕਲੋਨੀਆਂ ਦੀ ਗੱਲ ਹੁਣ ਯਥਾਰਥ ਨਾਲ ਜੋੜਨ ਦਾ ਸੁਪਨਾ ਲਿਆ ਜਾਣ ਲੱਗਾ ਹੈ। ਮੰਗਲ 'ਤੇ ਬਸਤੀ ਬਣਾਉਣ ਦੀ ਗੱਲ ਸੋਚੀ ਜਾ ਰਹੀ ਹੈ। ਇਸੇ ਅਕਤੂਬਰ ਦੇ ਆਖਰੀ ਹਫਤੇ ਤੋਂ ਇਕ ਵਾਰ ਮੁੜ ਮੰਗਲ ਗ੍ਰਹਿ ਚਰਚਾ ਵਿਚ ਹੈ। ਮੰਗਲ 'ਤੇ ਬਸਤੀ ਵਸਾਉਣ ਦੇ ਸੁਪਨੇ ਦੇਖੇ, ਦਿਖਾਏ ਜਾ ਰਹੇ ਹਨ। ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਖੋਜ ਪ੍ਰਾਜੈਕਟ ਨੂੰ ਹਰੀ ਝੰਡੀ ਵੀ ਮਿਲ ਗਈ ਹੈ। ਅਰਬਾਂ ਡਾਲਰ ਦੇ ਇਸ ਪ੍ਰਾਜੈਕਟ ਦੀ ਸ਼ੁਰੂਆਤ ਮਾਮੂਲੀ ਜਿਹੀ ਰਕਮ ਸਿਰਫ ਇਕ ਮਿਲੀਅਨ ਡਾਲਰ ਨਾਲ ਹੋਈ ਹੈ। ਇਹ ਤਾਂ ਊਠ ਦੇ ਮੂੰਹ 'ਚ ਜ਼ੀਰਾ ਧਰਨ ਵਾਲੀ ਗੱਲ ਹੈ। ਚਲੋ ਹਰੀ ਝੰਡੀ ਤਾਂ ਮਿਲੀ। 1989 ਵਿਚ ਰਾਸ਼ਟਰਪਤੀ ਬੁਸ਼ ਕੋਲ ਨਾਸਾ ਨੇ ਇਸ ਕਿਸਮ ਦੀ ਯੋਜਨਾ ਦੀ ਗੱਲ ਕੀਤੀ ਤਾਂ ਉਸ ਨੇ ਪੁੱਛਿਆ ਕਿ ਬਜਟ ਦੱਸੋ। ਨਾਸਾ ਨੇ ਕਿਹਾ ਕਿ ਘੱਟੋ-ਘੱਟ ਸਾਢੇ ਚਾਰ ਸੌ ਅਰਬ ਡਾਲਰ ਦਿਓ। ਬਾਅਦ ਵਿਚ ਹੋਰ ਲੋੜ ਪਈ ਤਾਂ ਦੱਸਾਂਗੇ। ਬੁਸ਼ ਨੇ ਕੰਨਾਂ ਨੂੰ ਹੀ ਹੱਥ ਲਾ ਲਏ ਅਤੇ ਮੰਗਲ 'ਤੇ ਮਨੁੱਖ ਨੂੰ ਲਿਜਾਣ ਵਸਾਉਣ ਦੀ ਗੱਲ ਖਤਮ ਹੋ ਗਈ। 1990 ਵਿਚ ਰਾਬਰਟ ਜ਼ੁਬਰਿਨ ਨੇ ਮਾਰਜ਼ ਡਾਇਰੈਕਟਰ ਪ੍ਰੋਗਰਾਮ ਵਿਚ ਕੁਝ ਸੁਝਾਅ ਦਿੱਤੇ। ਉਸ ਨੇ ਕਿਹਾ ਕਿ ਨਾਸਾ ਦੇ ਬਜਟ ਐਸਟੀਮੇਟ ਬਹੁਤ ਭਾਰੀ ਹੋਣ ਦੇ ਕਈ ਕਾਰਨ ਹਨ। ਮੰਗਲ ਧਰਤੀ ਤੋਂ ਬਹੁਤ ਦੂਰ ਹੈ। ਇਸ ਦੀ ਧਰਤੀ ਤੋਂ ਘੱਟੋ-ਘੱਟ ਦੂਰੀ ਸਾਢੇ ਤਿੰਨ ਕਰੋੜ ਮੀਲ ਹੈ ਅਤੇ ਵੱਧ ਤੋਂ ਵੱਧ ਦੂਰੀ ਪੰਝੀ ਕਰੋੜ ਮੀਲ। ਇੰਨੀ ਦੂਰ ਬੰਦੇ ਲਿਜਾਣ ਤੇ ਵਾਪਸ ਲਿਆਉਣ ਲਈ ਬੜੇ ਭਾਰੀ ਪੁਲਾੜੀ ਵਾਹਨ ਦੀ ਲੋੜ ਹੈ। ਉਸ ਨੂੰ ਡਿਜ਼ਾਈਨ ਕਰਨ ਅਤੇ ਬਣਾਉਣ ਦਾ ਖਰਚਾ ਹੈ। ਉਸ ਵਿਚਲੇ ਭਾਰੀ ਬਾਲਣ ਟੈਂਕਾਂ ਦਾ ਖਰਚਾ ਹੈ। ਮੰਗਲ ਤੋਂ ਵਾਪਸੀ ਦੀ ਟੈਕਨਾਲੋਜੀ ਦੇ ਵਿਕਾਸ ਅਤੇ ਵਰਤੋਂ ਦੇ ਖਰਚੇ ਹਨ। ਜੇ ਅਸੀਂ ਬੰਦੇ ਨੂੰ ਮੰਗਲ 'ਤੇ ਲਾਹੁਣ ਤਕ ਸੀਮਤ ਹੋਈਏ ਤਾਂ ਨਵੇਂ ਵਾਹਨਾਂ ਅਤੇ ਟੈਕਨਾਲੋਜੀ ਦੇ ਵਿਕਾਸ ਅਤੇ ਰਾਕਟ ਨਿਰਮਾਣ ਆਦਿ ਲਈ ਖਰਚੇ ਨਹੀਂ ਕਰਨੇ ਪੈਣਗੇ। ਵੱਡੇ ਬਾਲਣ ਟੈਂਕਾਂ ਦੀ ਲੋੜ ਵੀ ਨਹੀਂ। ਵਾਪਸੀ ਦੀ ਉਡਾਰੀ ਦੀ ਟੈਕਨਾਲੋਜੀ ਦੇ ਵਿਕਾਸ, ਡਿਜ਼ਾਈਨ, ਨਿਰਮਾਣ ਆਦਿ ਦੇ ਖਰਚ ਵੀ ਨਹੀਂ ਕਰਨੇ ਪੈਣਗੇ। ਤਾਜ਼ਾ ਸੁਪਨੇ ਰਾਬਰਟ ਜ਼ੁਬਰਿਨ ਦੀ ਲੀਹ 'ਤੇ ਹੀ ਲਏ ਜਾ ਰਹੇ ਹਨ।

ਆਓ ਜ਼ਰਾ ਵਿਸਤਾਰ ਨਾਲ ਸੁਪਨਿਆਂ ਦੀ ਇਸ ਧਰਤੀ, ਇਸ ਸੁਪਨੇ ਦੇ ਵਰਤਮਾਨ, ਭਵਿੱਖ ਅਤੇ ਇਸ ਨਾਲ ਜੁੜੇ ਹੋਰ ਪਹਿਲੂਆਂ ਦੀ ਵਿਗਿਆਨਕ ਚੀਰ ਫਾੜ ਕਰੀਏ। ਡਰਾਉਣਾ ਲਾਲ ਗ੍ਰਹਿ ਹੈ ਮੰਗਲ ਸਾਧਾਰਨ ਭਾਰਤੀ ਲਈ। ਪੱਛਮ ਵਿਚ ਮਾਰਜ਼ ਦੇ ਰੂਪ ਵਿਚ ਜਾਣੇ ਜਾਂਦੇ ਇਸ ਗ੍ਰਹਿ ਤੋਂ ਪੱਛਮੀ ਜਗਤ ਵੀ ਘੱਟ ਨਹੀਂ ਤ੍ਰਹਿੰਦਾ ਰਿਹਾ ਪਰ ਸਾਡੇ ਤਾਂ ਮੰਗਲ ਅਤੇ ਮੰਗਲੀਕ ਨੇ ਕੁਝ ਵਧੇਰੇ ਹੀ ਦਹਿਸ਼ਤ ਮਚਾਈ ਹੋਈ ਹੈ। ਇਕ ਪਾਸੇ ਇਹ ਦਹਿਸ਼ਤ ਤੇ ਦੂਜੇ ਪਾਸੇ ਮੰਗਲ ਜਾਂ ਉਸ ਦੇ ਕਿਸੇ ਉਪਗ੍ਰਹਿ 'ਤੇ ਜੀਵਨ ਦੇ ਮੌਲਣ ਵਿਗਸਣ ਦੀ ਸੰਭਾਵਨਾ ਹੈ। ਕਈ ਗੱਲਾਂ ਵਿਚ ਮੰਗਲ ਧਰਤੀ ਨਾਲ ਮੇਲ ਖਾਂਦਾ ਹੈ। ਇਹ ਵੀ ਆਪਣੀ ਧੁਰੀ ਦੁਆਲੇ ਧਰਤੀ ਵਾਂਗ ਅਤੇ ਲਗਪਗ ਧਰਤੀ ਜਿੰਨਾ ਹੀ ਝੁਕਿਆ ਹੋਇਆ ਹੈ। ਧੁਰੀ ਦੁਆਲੇ ਇਹ ਵੀ ਚੌਵੀ ਕੁ ਘੰਟੇ ਵਿਚ ਚੱਕਰ ਕੱਟ ਲੈਂਦਾ ਹੈ। ਧਰਤੀ ਤੋਂ ਅੱਧਾ ਵਿਆਸ ਹੈ ਇਸ ਦਾ। ਇਕ ਸਾਲ 687 ਦਿਨ ਦਾ ਹੈ। ਰੁੱਤਾਂ ਇਥੇ ਵੀ ਬਦਲਦੀਆਂ ਹਨ। ਮੰਗਲ 'ਤੇ ਗਰੂਤਾ ਖਿੱਚ ਧਰਤੀ ਤੋਂ ਲਗਪਗ ਤੀਜਾ ਹਿੱਸਾ ਹੈ। ਪਞੰਤਰ ਕਿਲੋ ਭਾਰੇ ਸਰੀਰ ਉਥੇ ਇੰਜ ਵਿਚਰਣਗੇ ਜਿਵੇਂ ਪੰਝੀ ਕਿਲੋ ਦੇ ਹੋਣ।

ਲਾਲ ਤੇ ਉਜਾੜ ਮੰਗਲ ਗ੍ਰਹਿ 'ਤੇ ਵਾਯੂਮੰਡਲ ਬਹੁਤ ਪੇਤਲਾ ਹੈ। ਜਿਵੇਂ ਧਰਤੀ ਤੋਂ ਤੀਹ-ਪੈਂਤੀ ਕਿਲੋਮੀਟਰ ਉਚਾਈ 'ਤੇ ਹੋਈਏ। ਤਾਪਮਾਨ ਅਤਿ ਗਰਮ ਜਾਂ ਫਿਰ ਅਤਿ ਠੰਢਾ। ਓਜ਼ੋਨ ਦੀ ਜੀਵਨ ਰੱਖਿਅਕ ਪਰਤ ਮੰਗਲ 'ਤੇ ਹਾਸਲ ਨਹੀਂ। ਇਸ ਲਈ ਅਲਟਰਾ ਵਾਇਲਟ ਕਿਰਨਾਂ ਇਥੇ ਸਿੱਧੀਆਂ ਮਾਰ ਕਰਦੀਆਂ ਹਨ। ਸਤ੍ਹਾ 'ਤੇ ਕੋਈ ਪਾਣੀ ਨਹੀਂ। ਧਰਤ ਹੇਠ ਜੰਮੀ ਬਰਫ ਦੀ ਦਸ ਪਈ ਹੈ। ਧਰੁਵਾਂ 'ਤੇ ਕਾਰਬਨ-ਡਾਇਆਕਸਾਈਡ ਬਰਫ ਵਾਂਗ ਜੰਮੀ ਪਈ ਹੈ। ਜਵਾਲਾ ਮੁਖੀ ਦੇ ਲਾਵੇ ਦੇ ਦਰਿਆ ਲਹਿਰਾਉਂਦੇ ਹੋਏ ਮੰਗਲ 'ਤੇ ਵਗੇ ਅਤੇ ਜੰਮ ਗਏ। ਇਸ ਨਾਲ ਕਿਤੇ ਕਿਤੇ ਮੋਟੀਆਂ ਤੇ ਲੰਬੀਆਂ ਚੌੜੀਆਂ ਮਜ਼ਬੂਤ ਲਾਵੇ ਦੀਆਂ ਪਾਈਪਾਂ ਬਣ ਗਈਆਂ ਹਨ। ਕਿਤੇ ਵਿਸ਼ਾਲ ਵਾਦੀਆਂ। ਕਿਤੇ ਉਚੇ ਪਹਾੜ। ਵਾਯੂ ਦਬਾਅ ਘੱਟ। ਉਲਿੰਪਸ ਮੌਸ ਨਾਂ ਦਾ ਮੰਗਲ ਦਾ ਜਵਾਲਾ ਮੁਖੀ ਮਾਊਂਟ ਐਵਰੈਸਟ ਨਾਲੋਂ ਤਿੰਨ ਗੁਣਾ ਉੱਚਾ ਹੈ। ਕਾਰਬਨ ਡਾਇਆਕਸਾਈਡ ਦੇ ਬੱਦਲ। ਲਾਲ ਧਰਤੀ ਆਕਸਾਈਡਾਂ ਦੀ ਦੱਸ ਪਾਉਂਦੀ ਹੈ। ਨਾਈਟਰੋਜਨ ਆਟੇ ਵਿਚ ਲੂਣ ਵਾਂਗ ਹੈ। ਆਕਸੀਜਨ ਉਸ ਤੋਂ ਵੀ ਘੱਟ। ਹੋ ਸਕਦਾ ਹੈ ਕਦੇ ਇਸ ਧਰਤੀ 'ਤੇ ਜੀਵਨ ਰਿਹਾ ਹੋਵੇ ਪਰ ਹੁਣ ਇਥੇ ਕੁਝ ਵੀ ਨਹੀਂ। ਧੂੜ, ਪੱਥਰ, ਉਜਾੜ, ਬਸ ਇਹ ਹੈ ਮੰਗਲ। ਇਸੇ ਧਰਤੀ 'ਤੇ ਮਨੁੱਖ ਨੂੰ ਵਸਾਉਣ ਦਾ ਸੁਪਨਾ ਲਿਆ ਜਾ ਰਿਹਾ ਹੈ।

ਕਿਉਂ ਭਲਾ? ਧਰਤੀ ਇਸ ਵੇਲੇ ਸੱਤ ਅਰਬ ਲੋਕਾਂ ਅਤੇ ਉਨ੍ਹਾਂ ਦੁਆਰਾ ਵਿਕਾਸ ਦੇ ਨਾਂ 'ਤੇ ਅੰਨ੍ਹੇਵਾਹ ਫੈਲਾਏ ਜਾ ਰਹੇ ਪ੍ਰਦੂਸ਼ਣ, ਸਾਧਨਾਂ ਦੀ ਦੁਰਵਰਤੋਂ ਅਤੇ ਹੱਥੀਂ ਸਹੇੜੇ ਸੰਕਟਾਂ ਕਾਰਨ ਬੇਹਾਲ ਹੈ। ਆਉਂਦੇ ਪੰਜਾਹ ਸਾਲਾਂ ਵਿਚ ਊਰਜਾ ਦੇ ਖਜ਼ਾਨੇ ਵੀ ਅਸੀਂ ਲਗਪਗ ਖਾਲੀ ਕਰ ਦੇਣੇ ਹਨ। ਮਿੱਟੀ, ਪੌਣ, ਪਾਣੀ ਹਰ ਸ਼ੈਅ ਜ਼ਹਿਰ ਨਾਲ ਭਰਦੀ ਜਾਣੀ ਹੈ। ਵਸੋਂ ਪੰਦਰਾਂ ਅਰਬ ਨੂੰ ਛੋਹ ਸਕਦੀ ਹੈ। ਧਰਤੀ ਕਿਵੇਂ ਸੰਭਾਲੇਗੀ ਇਸ ਸਾਰੇ ਕੁਝ ਵਿਚ ਆਪਣੇ ਆਪ ਨੂੰ ਅਤੇ ਇਸ ਧਰਤੀ ਦਾ ਸਰਦਾਰ ਮੰਨੇ ਜਾਂਦੇ ਮਨੁੱਖ ਨੂੰ। ਇਸ ਸਥਿਤੀ ਵਿਚ ਬਚਣ ਦਾ ਰਾਹ ਵਿਗਿਆਨੀਆਂ ਨੂੰ ਮੰਗਲ ਦੀ ਸ਼ਰਨ ਜਾਣਾ ਪ੍ਰਤੀਤ ਹੋ ਰਿਹਾ ਹੈ। ਭਾਵੇਂ ਅਜੇ ਦਿੱਲੀ ਦੂਰ ਹੈ। ਇਹ ਸੁਪਨਾ ਖਤਰਨਾਕ ਮ੍ਰਿਗ ਤ੍ਰਿਸ਼ਨਾ ਵਰਗਾ ਹੈ ਪਰ ਡੁੱਬਦੇ ਨੂੰ ਤਿਣਕੇ ਦਾ ਸਹਾਰੇ ਵਾਲਾ ਹਾਲ ਹੈ, ਸਾਡਾ। ਨਵੀਂ ਚਰਚਾ ਜਰਨਲ ਆਫ ਕਾਸਮਾਲੋਜੀ ਵਿਚ ਡਰਕ ਸ਼ੁਲਜ਼-ਮੈਕੂਚ ਅਤੇ ਪਾਲ ਡੇਵੀਜ਼ ਦੇ ਇਕ ਲੇਖ ਨਾਲ ਸ਼ੁਰੂ ਹੋਈ। ਉਨ੍ਹਾਂ ਲਿਖਿਆ ਹੈ ਕਿ ਚਾਰ ਯਾਤਰੀ ਮੰਗਲ 'ਤੇ ਲਾਹ ਦਿੱਤੇ ਜਾਣ ਤਾਂ ਮੰਗਲ 'ਤੇ ਬਸਤੀ ਵਸਾਉਣ ਦੀ ਗੱਲ ਸੋਚੀ ਜਾ ਸਕਦੀ ਹੈ। ਇਨ੍ਹਾਂ ਨੂੰ ਵਾਪਸ ਲਿਆਉਣ ਦੀ ਥਾਂ ਇਨ੍ਹਾਂ ਲਈ ਲੋੜੀਂਦੀ ਹਰ ਪ੍ਰਕਾਰ ਦੀ ਸਮੱਗਰੀ ਅਤੇ ਖਾਧ ਖੁਰਾਕ ਜਿੰਨੀ ਕੁ ਸੰਭਵ ਹੋਵੇ ਨਾਲ ਹੀ ਭੇਜ ਦਿੱਤੇ ਜਾਣ। ਇਹੀ ਨਹੀਂ ਬਾਅਦ ਵਿਚ ਵੀ ਇਹ ਖਾਧ ਖੁਰਾਕ, ਸਾਮਾਨ ਅਤੇ ਵਿਗਿਆਨਕ ਉਪਕਰਣ ਉਨ੍ਹਾਂ ਕੋਲ ਓਨਾ ਚਿਰ ਭੇਜੀ ਜਾਓ ਜਿੰਨਾ ਚਿਰ ਇਹ ਲੋਕ ਉਥੇ ਸਵੈ ਨਿਰਭਰ ਨਹੀਂ ਹੋ ਜਾਂਦੇ। ਧਰਤੀ 'ਤੇ ਬੈਠੇ ਵਿਗਿਆਨੀ ਉਨ੍ਹਾਂ ਨਾਲ ਨਿਰੰਤਰ ਸੰਪਰਕ ਰੱਖ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਅਤੇ ਛੇਤੀ ਤੋਂ ਛੇਤੀ ਉਨ੍ਹਾਂ ਨੂੰ ਸਵੈ ਨਿਰਭਰ ਬਣਾਉਣ। ਮੰਗਲ 'ਤੇ ਜਾਣਾ ਅਤੇ ਵਾਪਸੀ ਨੂੰ ਭੁੱਲ ਜਾਣਾ, ਮੌਤ ਨੂੰ ਮਖੌਲ ਕਰਨ ਵਾਲੀ ਗੱਲ ਹੈ। ਅਣਜਾਣ ਤੇ ਖਤਰਿਆਂ ਭਰਿਆ ਘਾਤਕ ਮਾਹੌਲ। ਕਰੋੜਾਂ ਮੀਲ ਦੀ ਦੂਰੀ। ਕੁਝ ਵੀ ਅਣਚਾਹਿਆ ਕਦੇ ਵੀ ਵਾਪਰਨ ਦਾ ਡਰ। ਗੱਲ ਕਰਨ ਤੇ ਸੁਣਨ ਲਈ ਕੋਈ ਨਹੀਂ। ਬਕੌਲ ਗ਼ਾਲਿਬ ਬਸ ਇਉਂ ਕਹੋ:

ਰਹੀਏ ਆਬ ਐਸੀ ਜਗ੍ਹਾ, ਚਲ ਕਰ, ਜਹਾਂ ਕੋਈ ਨਾ ਹੋ।  
ਹਮ ਸੁਖ਼ਨ ਕੋਈ ਨਾ ਹੋ, ਹਮ ਜ਼ੁਬਾਂ ਕੋਈ ਨਾ ਹੋ।  
ਪੜੀਏ ਗਰ ਬਿਮਾਰ ਤੋਂ, ਕੋਈ ਨਾ ਹੋ ਤੀਮਾਰਦਾਰ।  
ਔਰ ਅਗਰ ਮਰ ਜਾਈਏ, ਤੋ ਨੋਹਾ ਖਾਂ ਕੋਈ ਨਾ ਹੋ।  
ਬੇ-ਦਰੋ ਦੀਵਾਰ ਸਾ ਇਕ, ਘਰ ਬਣਾਇਆ ਚਾਹੀਏ।  
ਕੋਈ ਹਮਸਾਇਆ ਨਾ ਹੋ, ਪਾਸਬਾਂ ਕੋਈ ਨਾ ਹੋ।

ਕਹਿਣਾ ਸੌਖਾ ਹੈ। ਇਸ ਲਈ ਤਿਆਰ ਕੌਣ ਹੋਵੇਗਾ। ਉਕਤ ਲੇਖ ਦੇ ਦੋਵੇਂ ਲੇਖਕਾਂ ਨੂੰ ਹੀ ਜਦੋਂ ਪੁੱਛਿਆ ਗਿਆ ਤਾਂ ਉਹ ਵੀ ਦੋਵੇਂ ਜਵਾਬ ਦੇ ਗਏ। ਬੱਸ ਇਤਿਹਾਸ ਸਿਰਜਣ ਦਾ ਅਵਸਰ ਕਹਿ ਕੇ ਹੋਰਾਂ ਨੂੰ ਪ੍ਰੇਰਿਤ ਹੀ ਕਰਦੇ ਰਹੇ। ਵਿਗਿਆਨੀ ਨਵੀਂ ਧਰਤੀ ਲੱਭਣ ਵਾਲੇ ਕੋਲੰਬਸ ਦੀ ਮਿਸਾਲ ਦਿੰਦੇ ਹਨ। ਸ਼ੈਕਲਟਨ ਅਤੇ ਐਮੰਡਸੇਨ ਦੀ ਦੱਖਣੀ ਧਰੁਵ ਦੀ ਮੁਹਿੰਮ ਦੀ ਗੱਲ ਕਰਦੇ ਹਨ। ਕਈ ਮੌਤ ਦੇ ਸਜ਼ਾ ਯਾਫਤਾ ਕੈਦੀਆਂ ਵਿਚੋਂ ਇਹ ਟੀਮ ਬਣਾਉਣ ਦੀ ਸੋਚਦੇ ਹਨ। ਸ਼ਾਇਦ ਜਿਹੜੇ ਸਿਰਫਿਰੇ ਮਜਬੂਰਨ ਜਾਂ ਜਾਣ-ਬੁੱਝ ਕੇ ਮੰਗਲ 'ਤੇ ਜਾਣ ਲਈ ਤਿਆਰ ਹੋਣ। ਉਹ ਇਸ ਦੇ ਯੋਗ ਨਹੀਂ ਹੋਣੇ ਅਤੇ ਜੋ ਯੋਗ ਹੋਣਗੇ, ਉਹ ਜਾਣ ਲਈ ਤਿਆਰ ਨਹੀਂ ਹੋਣੇ। ਇਸ ਵੇਲੇ ਤਾਂ ਸਥਿਤੀ ਇਹੀ ਲੱਗ ਰਹੀ ਹੈ। ਕੀ ਪਤਾ ਲੋਕਾਂ ਦੇ ਮਨ ਕਦੋਂ ਬਦਲ ਕੇ ਖਤਰਿਆਂ ਨਾਲ ਖੇਡਣ ਨੂੰ ਤਿਆਰ ਹੋ ਜਾਣ। ਇਕ ਤੋਂ ਇਕ ਖਤਰਨਾਕ ਸਟੰਟ ਕਰ ਕੇ ਮੌਤ ਨੂੰ ਮਖੌਲ ਕਰਨ ਵਾਲਿਆਂ ਦੀ ਵੱਡੀ ਗਿਣਤੀ ਅੱਜ ਵੀ ਦੁਨੀਆਂ ਵਿਚ ਮੌਜੂਦ ਹੈ।

ਹਾਲ ਦੀ ਘੜੀ ਇਸ ਕਾਰਜ ਲਈ ਨਾਸਾ ਦੇ ਏਮੀਜ਼ ਰਿਸਰਚ ਸੈਂਟਰ ਅਮਰੀਕਾ ਦੇ ਡਿਫੈਂਸ ਵਿਭਾਗ ਦੇ ਡਿਫੈਂਸ ਐਡਵਾਂਸਡ ਰਿਸਰਚ ਪ੍ਰਾਜੈਕਟਸ ਏਜੰਸੀ (ਡਾਰਪਾ) ਦੀ ਭਿਆਲੀ ਸ਼ੁਰੂ ਹੋ ਚੁੱਕੀ ਹੈ। ਏਮੀਜ਼ ਨੂੰ ਨਾਸਾ ਨੇ ਇਕ ਲੱਖ ਡਾਲਰ ਦਿੱਤੇ ਹਨ। ਡਾਰਪਾ ਨੂੰ ਸਰਕਾਰ ਨੇ ਦਸ ਲੱਖ ਡਾਲਰ ਦਿੱਤੇ ਹਨ। ਏਮੀਜ਼ ਦੇ ਡਾਇਰੈਕਟਰ ਸਾਈਮਨ ਪੀਟ ਵਰਡਨ ਨੇ ਮੰਗਲ 'ਤੇ ਬਸਤੀ ਵਸਾਉਣ ਦੇ ਪ੍ਰਾਜੈਕਟ ਨੂੰ ਹੰਡਰਡ ਯੀਅਰ ਸਟਾਰਸ਼ਿਪ ਦਾ ਨਾਂ ਦਿੱਤਾ ਹੈ। ਇਕ ਵੱਡਾ ਸਟਾਰਸ਼ਿਪ ਮੰਗਲ 'ਤੇ ਯਾਤਰੀ ਲੈ ਕੇ ਜਾਵੇਗਾ। ਉਥੇ ਜਾ ਕੇ ਇਹ ਸ਼ਿਪ ਖੋਲ੍ਹ ਦਿੱਤਾ ਜਾਵੇਗਾ। ਇਸ ਦੇ ਮਾਡਿਊਲ ਤੇ ਚੈਂਬਰ ਯਾਤਰੀਆਂ ਦੀ ਮੁਢਲੀ ਰਿਹਾਇਸ਼ ਲਈ ਵਰਤੇ ਜਾਣਗੇ। ਏਮੀਜ਼ ਤੇ ਡਾਰਪਾ ਨੇ ਅਜੇ ਇਸ ਪ੍ਰਾਜੈਕਟ ਦੀ ਗੱਲ ਹਵਾ ਵਿਚ ਉਛਾਲੀ ਹੈ। ਕੋਈ ਵੇਰਵੇ ਨਹੀਂ ਦਿੱਤੇ। ਚਰਚਾ ਛਿੜੇਗੀ ਤਾਂ ਇਧਰੋਂ ਉਧਰੋਂ ਸੁਝਾਅ ਵੀ ਆਉਣਗੇ। ਪੀਟ ਵਾਰਡਨ ਨੇ ਦੁਨੀਆਂ ਦੇ ਵੱਡੇ ਸਰਮਾਏਦਾਰਾਂ ਤੋਂ ਇਸ ਪ੍ਰਾਜੈਕਟ ਲਈ ਪੈਸਾ ਇਕੱਠਾ ਕਰਨ ਦੀ ਗੱਲ ਵੀ ਕੀਤੀ ਹੈ। ਉਸ ਨੇ ਗੂਗਲ ਦੇ ਲੈਰੀ ਪੇਜ ਨੂੰ ਪਹਿਲਾਂ ਹੀ ਇਸ ਲਈ ਆਖਿਆ ਹੈ। ਪੇਜ ਦਾ ਸੁਆਲ ਸੀ ਤੁਹਾਡੇ ਪ੍ਰਾਜੈਕਟ 'ਤੇ ਕੁਲ ਖਰਚ ਕਿੰਨਾ ਕੁ ਆਵੇਗਾ। ਵਰਡਨ ਦਾ ਉਤਰ ਸੀ, "ਲੱਗਦਾ ਹੈ ਕਿ ਦਸ ਬਿਲੀਅਨ ਡਾਲਰ।" ਪੇਜ ਨੇ ਇਸ ਨੂੰ ਇਕ ਬਿਲੀਅਨ ਡਾਲਰ ਤਕ ਘਟਾਉਣ ਦੀ ਸਲਾਹ ਦਿੱਤੀ ਪਰ ਜੇਬ ਢਿੱਲੀ ਨਹੀਂ ਕੀਤੀ। ਮੰਗਲ 'ਤੇ ਕਲੋਨੀ ਵਸਾਉਣ ਲਈ ਭੇਜੇ ਗਏ ਬੰਦਿਆਂ ਦਾ ਲੰਬੇ ਸਮੇਂ ਲਈ ਜਿਉਣਾ ਅਤੇ ਸਵੈ ਨਿਰਭਰ ਹੋਣਾ ਜ਼ਰੂਰੀ ਹੈ। ਵਰਡਨ ਦੀ ਏਮੀਜ਼ ਅਤੇ ਡਾਰਪਾ ਦੀ ਸਾਂਝੀ ਯੋਜਨਾ ਤੋਂ ਬਿਨਾਂ 1000 ਪਲੈਨੈਟਸ ਇੱਕ ਦੀ ਯੋਜਨਾ ਵੀ ਇਸ ਕੰਮ ਨੂੰ ਨੇਪਰੇ ਚਾੜ੍ਹਨ ਦੀ ਹੈ। ਇਸ ਵਿਚ ਚਾਰ ਨਹੀਂ ਪੂਰੇ ਇਕ ਸੌ ਬੰਦੇ ਇਕੱਠੇ ਮੰਗਲ 'ਤੇ ਇਕ ਵਿਸ਼ਾਲ ਜਹਾਜ਼ ਰਾਹੀਂ ਉਤਾਰਨ ਦਾ ਸੁਪਨਾ ਹੈ। ਉਨ੍ਹਾਂ ਦੇ ਢਾਈ ਸਾਲ ਦੀ ਰਿਹਾਇਸ਼ ਅਤੇ ਖਾਧ ਖੁਰਾਕ ਦੇ ਪ੍ਰਬੰਧ ਕੀਤੇ ਜਾਣਗੇ। ਪਦਾਰਥਾਂ ਤਰਲਾਂ ਤੇ ਗੈਸਾਂ ਦੀ ਰੀਸਾਈਕਲਿੰਗ ਦੇ ਪ੍ਰਬੰਧ ਹੋਣਗੇ। ਛੇਤੀ ਤੋਂ ਛੇਤੀ ਵਾਪਸੀ ਦੀ ਉਡਾਰੀ ਲਈ ਯਤਨ ਕੀਤੇ ਜਾਣਗੇ।

# ਪੰਜ ਮਰਾਠੀ ਕਵਿਤਾਵਾਂ

ਡਾ. ਅਨਿਲ ਸੂਰੀਆ
ਅਨੁਵਾਦ (ਹਿੰਦੀ ਤੋਂ) ਬਲਬੀਰ ਮਾਧੋਪੁਰੀ



## ਬੋਧ ਕਰਾਉਂਦਾ ਸੂਰਜ

ਚਾਂਦਨੀ ਨੂੰ ਚਕੋਰ
ਨਿਹਾਰ ਰਿਹਾ ਹੈ
ਮੈਂ ਕਿਉਂ ਕਿਸੇ ਨੂੰ ਨਿਹਾਰਾਂ
ਮੈਂ ਖੁਦ ਹੀ ਸੂਰਜ ਹਾਂ।
ਮੱਸਿਆ-ਪੁੰਨਿਆ ਨਾਲ
ਮੇਰਾ ਸਬੰਧ ਅਜਿਹਾ
ਜਿੱਧਰ ਵੀ ਜਾਵਾਂ
ਮੇਰਾ ਹੀ ਪ੍ਰਕਾਸ਼ ਹੈ।
ਭੱਜ-ਦੌੜ ਕਰਨ ਵਾਲਿਆਂ ਦੇ
ਸਾਰੇ ਕ੍ਰਾਂਤੀ ਗਾਵਾਂਗੇ ਹੁਣ
ਮੇਰੇ ਵਿਚੋਂ ਹੀ ਕ੍ਰਾਂਤੀ ਦੇ
ਤੂਫਾਨ ਉਠਣ ਵਾਲੇ ਨੇ।
ਮੇਰੀ ਮੁੱਠੀ ਵਿਚ ਪ੍ਰਕਾਸ਼
ਹਨੇਰੇ ਦੀ ਖ਼ਬਰ ਲੈਣੀ ਹੁਣ
ਮੈਂ ਗੀਤ ਲਾਇਆਂ ਦਾ
ਬਸਤੀਆਂ ਨੂੰ ਦੇਵਣ ਵਾਲਾ ਹਾਂ।
ਬੋਧ ਕਰਾਉਂਦੀ ਦਿਸ਼ਾ ਦੀ
ਤੁਸਾਂ ਕੀਤੀ ਦੁਰਦਸ਼ਾ
ਹਨੇਰਾ ਦੂਰ ਹੋਇਆ ਹੁਣ
ਮੈਂ ਬੋਧ ਕਰਾਉਂਦਾ ਸੂਰਜ ਹਾਂ।

## ਕਾਲਕ

ਮੇਰਾ ਕੱਫਨ ਦਿਓ
ਵਸਤਰਹੀਣਾਂ ਨੂੰ
ਆਬਰੂ ਉਹਨਾਂ ਦੀ ਬਚ ਜਾਵੇ।
ਮੇਰਾ ਕੱਫਨ ਲਪੇਟੋ
ਦੇਸ਼ ਦੀ ਆਬਰੂ ਉਤੇ
ਦੇਸ਼ ਦੀ ਆਬਰੂ ਬਚਾਵਣ ਲਈ।
ਇਸ ਨਾਲ ਜੇ ਕੰਮ ਨਾ ਚੱਲੇ, ਤਾਂ
ਮੈਂ ਖੁਦ ਦੀ ਜਾਨ ਲੈਣ ਨੂੰ
ਤਿਆਰ ਹਾਂ।
ਆਜ਼ਾਦੀ ਦਾ ਸਿਰ ਝੁਕਣ ਨਾ ਦੇਵੋ
ਘਰ-ਦਰ 'ਤੇ ਅੰਗਿਆਰ ਰੱਖਣ ਵਾਲਿਓ
ਗਰੀਬ ਅਗਿਆਨੀਆਂ ਨੂੰ।
ਨੰਗੇ ਤਨ ਨਾ ਰੱਖੋ
ਉਨ੍ਹਾਂ ਦੇ ਸੁਪਨਿਆਂ ਵਿਚ ਡੁੱਬਣ ਵਾਲਿਓ
ਇਨਸਾਨੀਅਤ ਉਤੇ ਕਾਲਕ ਨਾ ਫੇਰੋ।

## ਪ੍ਰਕਾਸ਼ ਦਾ ਸੁਪਨਾ

ਮੈਂ ਇਸ ਬੇਈਮਾਨ ਵਿਵਸਥਾ ਨੂੰ
ਛੱਡ ਕੇ ਜਾਣ ਵਾਲਾ ਨਹੀਂ
ਨਿਪੱਤਰੇ ਹੋਣ ਦਿਓ ਇਨ੍ਹਾਂ ਰੁੱਖਾਂ ਨੂੰ
ਮੈਂ ਹਿੰਮਤ ਹਾਰਨ ਵਾਲਾ ਨਹੀਂ।
ਮੇਰੇ ਸਾਹਵੇਂ ਹੈ
ਮੇਰਾ ਫਟੇ ਹਾਲ ਦੇਸ਼
ਮੈਂ ਟਾਂਕਾ ਲਾਵਾਂਗਾ ਉਸ ਨੂੰ
ਮੈਂ ਫਟਣੇ ਵਾਲਾ ਨਹੀਂ।
ਮੇਰੇ ਪੈਰਾਂ ਵਿਚ ਬੇੜੀਆਂ ਨੇ
ਫਿਰ ਵੀ ਤੁਰਦਾ ਰਹਾਂਗਾ ਮੈਂ
ਹਰ ਪਲ ਥੱਕਾਂ ਜਾਂ ਡਿੱਗਾਂ, ਫਿਰ ਵੀ
ਮੈਂ ਜੰਮਣ-ਭੋਂ ਛੱਡਾਂਗਾ ਨਹੀਂ।
ਤੋੜਨ ਵਾਲੇ ਤੋੜਨਗੇ
ਦੇਸ਼ ਜੋੜਦਾ ਰਹਾਂਗਾ ਮੈਂ
ਉਜਾਲੇ ਦਾ ਸੁਪਨਾ ਮੇਰਾ
ਮੈਂ ਨ੍ਹੇਰੇ ਵਿਚ ਡੁੱਬਣ ਵਾਲਾ ਨਹੀਂ।

## ਜਨਮ-ਜਾਤ ਗ਼ੁਲਾਮ

ਨਾੜੂ ਵੀ ਕੱਟਿਆ ਨਹੀਂ ਸੀ
ਤੇ ਇਨ੍ਹਾਂ ਆਦਮਖ਼ੋਰ ਇਨਸਾਨਾਂ ਨੇ
ਉਨ੍ਹਾਂ ਦੀ ਕਮਰ ਨੂੰ ਭਗਵੇਂ ਵਸਤਰ ਵਿਚ ਲਪੇਟਿਆ
ਕਿਸੇ ਨੇ ਚਿੱਟੀ ਕਮੀਜ਼ ਚੜ੍ਹਾਈ
ਤੇ ਕਿਸੇ ਨੇ ਹਰੀ ਚਾਦਰ ਨਾਲ ਓੜਿਆ
ਉਸ ਦੇ ਲਾਲ ਲਹੂ ਨੂੰ ਕੀਤਾ
ਜਨਮ-ਜਾਤ ਗ਼ੁਲਾਮ।
ਇਸ ਲਈ ਜਦ ਜਲਿਆ
ਇਨਸਾਨਾਂ ਨੂੰ ਹੀ ਤੋੜਿਆ
ਮਨੁੱਖਤਾ ਨੂੰ ਹੀ ਜਲਾਇਆ
ਜਿੱਥੇ ਲੜਦੀ ਹੈ ਮਿੱਟੀ ਨਾਲ ਮਿੱਟੀ
ਜਿੱਥੇ ਜਲਾਉਂਦਾ ਹੈ ਸੂਰਜ ਨੂੰ ਸੂਰਜ
ਜਿੱਥੇ ਰਾਖ ਕਰਦੀ ਹੈ ਅੱਗ ਨੂੰ ਅੱਗ
ਜਿੱਥੇ ਪਿਆਸਾ ਰੱਖਦਾ ਹੈ ਪਾਣੀ ਨੂੰ ਪਾਣੀ।
ਜੇ ਅੱਗ ਨੇ ਕੀਤੀ ਹੁੰਦੀ ਅੱਗ ਦੀ ਮਦਦ
ਤਾਂ ਭੜਕ ਪੈਂਦਾ ਜੁਝਾਰੂ ਵਿਦਰੋਹੀ ਅੰਦੋਲਨ
ਜੇ ਕੀਤੀ ਹੁੰਦੀ ਦੋਸਤੀ, ਸੂਰਜ ਨੇ ਸੂਰਜ ਸੰਗ
ਤਾਂ ਦਿਸਦਾ ਦਸੀਂ ਦਿਸ਼ਾਵੀਂ ਚੇਤਨਾ ਪਰਵਾਹ।
ਜਦ ਮਨੁੱਖ ਹੀ ਮਿਲਾਉਂਦੇ ਹੱਥ ਅਮਨੁੱਖਤਾ ਨਾਲ
ਤਾਂ ਉਥੇ ਸੁਤੰਤਰਤਾ, ਸਮਾਨਤਾ, ਭਾਈਚਾਰਾ
ਤੇ ਨਿਆਂ ਦੀ ਬਹਾਰ ਦਾ
ਘਰ ਕਿਵੇਂ ਖੜ੍ਹਾ ਕਰੀਏ?

## ਜਾਤਪਾਤ

ਉਸ ਨੇ ਕਿਹਾ-
ਜਾਤਪਾਤ ਖ਼ਤਮ ਹੋਈ
ਮੈਂ ਕਿਹਾ-
ਹੋਰ ਵਧੀ
ਉਸ ਨੇ ਕਿਹਾ-
ਇਹ ਨਿਰਾ ਦੋਸ਼ ਹੈ
ਮੈਂ ਕਿਹਾ-
ਇਹ ਬਿਲਕੁਲ ਸੱਚ ਹੈ
ਉਸ ਨੇ ਕਿਹਾ-
ਕਹਿੰਦਾ ਹੀ ਗਿਆ...
ਕਹਿੰਦਾ ਹੀ ਗਿਆ...

## ਐ ਦੋਸਤ!

ਪਹਿਲਾਂ ਪ੍ਰਤੱਖ ਸੀ
ਹੁਣ ਅਪ੍ਰਤੱਖ ਹੈ
ਪਹਿਲਾਂ ਅਸਿੱਖਿਅਤ ਸੀ
ਹੁਣ ਸਿੱਖਿਅਤ ਹੈ
ਪਹਿਲਾਂ ਪੇਟ ਵਿਚ ਛੁਰਾ ਮਾਰਦੇ ਸੀ
ਹੁਣ ਪਿੱਠ ਉਤੇ ਵਾਰ ਹੁੰਦਾ ਹੈ
ਪਹਿਲਾਂ ਦੀ ਤੁਲਨਾ

ਇਹ ਪੌਦਾ ਬਹੁਤ ਜ਼ਹਿਰੀਲਾ ਹੈ
ਹਾਲ ਉਹੀ ਕੇਵਲ ਚਾਲ ਬਦਲੀ ਹੈ
ਜ਼ਹਿਰ ਉਹੀ ਕੇਵਲ ਪਰਦਾ ਬਦਲਿਆ ਹੈ
ਡੰਗ ਉਹੀ ਕੇਵਲ ਦੰਦ ਬਦਲੇ ਹਨ
ਵਾਰ ਉਹੀ ਕੇਵਲ ਹੱਥ ਬਦਲੇ ਹਨ।

*ਕਵੀ ਮਰਾਠੀ ਭਾਸ਼ਾ ਦਾ ਉਘੇ ਲੇਖਕ ਤੇ ਜਾਣਿਆ ਪਹਿਚਾਣਿਆ ਪੇਂਟਰ-ਚਿੱਤਰਕਾਰ ਹੈ।*

# ਅੰਨਾ ਹਜ਼ਾਰੇ ਨੂੰ ਮੁਖ਼ਾਤਿਬ

- ਸ਼ਿਵ ਕੁਮਾਰ ਬਾਵਾ (95929-54007)

ਐ ਅੰਨਾ ਹਜ਼ਾਰੇ
ਦੇਸ਼ ਵਾਸੀਆਂ ਨੂੰ ਤੇਰੇ ' ਤੇ ਮਾਣ ਹੈ
ਕਿ ਤੈਨੂੰ ਦੇਸ਼ ਨਾਲ ਮੋਹ ਹੈ।
ਪਰ
ਮੈਨੂੰ ਇੰਝ ਲੱਗਦੈ
ਤੇਰੀ ਭ੍ਰਿਸ਼ਟਾਚਾਰ ' ਚ ਗ੍ਰਸਤ ਆਗੂਆਂ ਨੇ
ਇੱਕ ਨਹੀਂ ਚੱਲਣ ਦੇਣੀ।
ਤੈਨੂੰ ਬਦਨਾਮ ਕਰਨ ਲਈ
ਇਹ ਚੁੰਨੀਆਂ ਅੱਖਾਂ ਵਾਲੇ ਬਘਿਆੜ ਆਗੂ
ਹਰ ਹੀਲਾ ਵਰਤਣਗੇ।
ਤੇਰੀ ਭੁੱਖ ਹੜਤਾਲ ਅਤੇ ਅੰਦੋਲਨ ਤੇ ਹੋਏ ਖਰਚ ਦਾ,
ਮੀਡੀਆ 'ਚ ਰੋਲਾ ਪਾਉਣਗੇ ।
ਐ ਅੰਨਿਆਂ ਹਜ਼ਾਰਿਆ
ਤੈਨੂੰ ਭੁੱਖ ਹੜਤਾਲ ਅਤੇ
ਅੰਦੋਲਨ ਕਰਨ ਦੀ ਕੀ ਲੋੜ ਸੀ
ਕਿਉਂਕਿ
ਤੇਰੀ ਭੁੱਖ ਹੜਤਾਲ ਅਤੇ ਅੰਦੋਲਨ ਤੇ
ਕੇਂਦਰੀ ਸਰਕਾਰ ਅਤੇ ਉਦਯੋਗ ਪਤੀਆਂ ਨੇ
ਕਰੋੜਾਂ ਰੁਪਿਆ ਖਰਚ ਦਿੱਤੇ ,
ਜਿਸ ਨਾਲ ਦੇਸ਼ ਦੇ ਗਰੀਬ ਗੁਰਬੇ
ਲੱਖਾਂ ਭੁੱਖੇ ਢਿੱਡ ਵਾਲੇ
ਮਸੂਮ ਬੱਚਿਆਂ ਨੂੰ ਪੇਟ ਭਰਵਾਂ
ਖਾਣਾ ਨਸੀਬ ਹੋ ਸਕਦਾ ਸੀ।
ਐ ਅੰਨਾ ਹਜ਼ਾਰੇ
ਮੈਨੂੰ ਫਿਰ ਵੀ ਤੇਰੇ ਤੇ ਫ਼ਖ਼ਰ ਹੈ
ਕਿ ਤੇਰੀ ਭੁੱਖ ਹੜਤਾਲ ਅਤੇ ਅੰਦੋਲਨ ਨੇ
ਇਸ ਦੇਸ਼ ਦੇ ਭ੍ਰਿਸ਼ਟ ਸਿਆਸੀ ਪਾਰਟੀਆਂ ਦੇ
ਸਮੂਹ ਆਗੂਆਂ ਦੀ
ਨੀਂਦ ਹਰਾਮ ਕਰਕੇ ਰੱਖ ਦਿੱਤੀ ਹੈ।
ਇਸ ਭੁੱਖ ਹੜਤਾਲ ਨੇ ਹੀ
ਦੇਸ਼ ਦੇ ਸੁੱਤੇ ਹੋਏ ਕਰੋੜਾਂ ਲੋਕਾਂ ਨੂੰ ਜਗ੍ਹਾ ਦਿੱਤਾ ਹੈ।
ਤੇਰਾ ਧੰਨਵਾਦ ਅੰਨਾ ਹਜ਼ਾਰਿਆ
ਤੇਰੀ ਗਾਂਧੀਵਾਦੀ ਨੀਤੀ ਨੇ
ਦੇਸ਼ ਦੇ ਲੋਕਾਂ ਵਿੱਚ ਨਵੀਂ ਰੂਹ ਫੂਕੀ ਹੈ
ਪ੍ਰੰਤੂ ਮੈਨੂੰ ਫਿਕਰ ਹੈ ਫਿਰ ਵੀ
ਕਿ ਸਿਆਸੀ ਰੋਟੀਆਂ ਪੱਕੀਆਂ ਕਰਨ ਵਾਲੇ
ਇਸ ਦੇਸ਼ ਦੇ ਗੋਗੜ ਢਿੱਡਾਂ ਵਾਲੇ ਆਗੂ ,
ਤੇਰੀ ਅੰਦਰਲੀ ਆਤਮਾਂ ਦਾ ਸੌਦਾ ਨਾ ਕਰ ਲੈਣ
ਕਿਉਂਕਿ ਤੇਰੇ ਸੰਘਰਸ਼ ਨੂੰ ਦੇਖਕੇ ਤੇਰੇ ਆਪਣੇ ਹੀ ਬੰਦੇ ਲੋਕਾਂ ਦਾ ਜੋਗਾ ਨਾਲ ਇਲਾਜ ਕਰਨ ਵਾਲਾ ਖੁਦ ਅਪਾਹਜ ਬਾਬਾ
ਵੀ ਸਟੇਜਾਂ ਤੇ ਟਪੂਸੀਆਂ ਮਾਰਦੈ।
ਸਾਡੇ ਦੇਸ਼ ਦੇ ਆਦਮ ਖੋਰ ਆਗੂਆਂ ਲਈ
ਇਹ ਕੋਈ ਵੱਡੀ ਗੱਲ ਨਹੀਂ ਹੈ।
ਕੁਰਸੀ ਨਾਲ ਚਿੰਬੜੇ ਰਹਿਣ,
ਲੋਕਾਂ ਵਿੱਚ ਆਪਣੀ ਪੈਠ ਕਾਇਮ ਰੱਖਣ ,
ਗਰੀਬਾਂ ਦਾ ਮਸੀਹਾ ਕਹਾਉਣ ਲਈ
ਸਾਡੇ ਦੇਸ਼ ਦੇ ਆਗੂ
ਆਪਣੀਆਂ ਇੱਜ਼ਤਾਂ ਦੀ ਵੀ
ਕੋਈ ਪ੍ਰਵਾਹ ਨਹੀਂ ਕਰਦੇ।
ਐ ਅੰਨਾ ਹਜ਼ਾਰੇ
ਅੰਨ੍ਹੇਵਾਹ ਅੰਨ ਅਤੇ ਧੰਨ ਖਾਣੇ ਆਗੂ,
ਕੱਚੀਆਂ ਕਲੀਆਂ ਤੋੜਦੇ ਹਨ
ਨਬਾਲਗ ਮਸੂਮਾਂ ਦੇ ਜਿਸਮ ਨੋਚਦੇ ਹਨ
ਤੇ ਫਿਰ ਵੀ ਸ਼ਰੇਆਮ ਲੋਕਾਂ ਵਿੱਚ ਸਤਿਕਾਰੇ ਜਾਂਦੇ ਹਨ।
ਬੁੱਚੜ ਤੇ ਚਲਾਕ ਕਿਸਮ ਦੇ ਆਗੂ
ਸਾਓ ਬੰਦਿਆਂ ਦੇ ਸਾਏ ਹੇਠ
ਦੇਸ਼ ਦੇ ਲੋਕਾਂ ਦਾ ਖੂਨ ਚੂਸ ਰਹੇ ਹਨ।
ਸੋ ਅੰਨਾ ਹਜ਼ਾਰੇ
ਤੈਨੂੰ ਅਜਿਹੇ ਆਗੂਆਂ ਤੋਂ ਬੱਚਕੇ ਰਹਿਣਾ ਪਵੇਗਾ
ਕਿਉਂਕਿ ਤੇਰੀ ਜ਼ਮੀਰ ਖਰੀਦਣ ਲਈ
ਉਹ ਘਰੋਂ ਤੁਰ ਪਏ ਹਨ
ਆਪਣੇ ਵੱਡਿਆਂ ਤੋਂ ਥਾਪੜਾ ਲੈ ਕੇ ।
ਦੇਸ਼ ਸੜ ਰਿਹਾ
ਗਰੀਬਾਂ ਦੇ ਬੱਚੇ ਭੁੱਖ ਨਾਲ ਤੜਪ ਰਹੇ ਹਨ
ਕੁੱਲੀਆਂ ਦੇ ਚੁੱਲ੍ਹਿਆਂ ' ਚ
ਅੱਗ ਨਹੀਂ ਬਲ ਰਹੀ
ਗ਼ਪਰ ਤੇਰੀ ਜ਼ਬਾਨ ਅਤੇ ਢਿੱਡ ਭਰਨ ਲਈ
ਕੁੱਝ ਦੇਸ਼ ਧਰੋਹੀ ਅੰਨਾਂ ਪੈਸਾ ਖਰਚ ਰਹੇ ਹਨ।
ਐ ਅੰਨੇ ਹਜ਼ਾਰੇ ਤੈਂ ਤਾਂ
ਪ੍ਰਧਾਨ ਮੰਤਰੀ ਦੀ ਸ਼ਰੀਫ ਦਿੱਖ 'ਤੇ ਤਰਸ ਖਾਧਾ
ਗੁਪ੍ਰੰਤੂ ਸਰਕਾਰ ਨੂੰ ਤੇਰੇ ਤੇ ਤਰਸ ਨਹੀਂ ਹੈ ।
ਉਸਨੇ ਤੇਰੀ ਭੁੱਖ ਹੜਤਾਲ ਅਤੇ ਅੰਦੋਲਨ ਤੜਵਾ ਅਤੇ
ਖਤਮ ਕਰਕੇ ਹੀ ਦਮ ਲਿਆ।
ਲੋਕਪਾਲ ਬਿੱਲ ਪਾਸ ਹੋਵੇ ਜਾਂ ਨਾ ਹੋਵੇ
ਸਮਾਂ ਟਾਲਣ ਲਈ ਖਰੜੇ ਦੀ ਜਾਂਚ ਲਈ
ਸਰਕਾਰ ਨੇ ਕਮੇਟੀ ਦਾ ਗਠਨ ਕਰ ਦਿੱਤਾ
ਜੋ ਸ਼ਾਇਦ ਤੇਰੇ ਜਿਉਂਦੇ ਜੀ ਵੀ
ਕੋਈ ਫੈਸਲਾ ਨਾ ਲੈ ਸਕੇ।

ਐ ਅੰਨਾ ਹਜ਼ਾਰੇ
ਦੇਸ਼ ਗਰਕਦਾ ਜਾ ਰਿਹਾ
ਗਰੀਬਾਂ ਦੇ ਬੱਚੇ ਭੁੱਖੇ ਪੇਟ ਸੌਂਦੇ ਹਨ ।
ਅਮੀਰ ਹੋਰ ਅਮੀਰ ਤੇ ਗਰੀਬ
ਪਹਿਲਾਂ ਨਾਲੋਂ ਵੀ ਹੋਰ ਗਰੀਬ ਹੋ ਰਿਹੈ
ਇਥੇ ਕਿਸੇ ਨੂੰ ਕੋਈ ਸ਼ਰਮ ਨਹੀਂ ਹੈ।
ਬਲਾਤਕਾਰੀ ਸਾਧ ਪੁਲੀਸ ਦੇ
ਪਹਿਰੇ ਹੇਠ ਭੰਗੜਾ ਪਾ ਰਹੇ ਹਨ।



ਗੁਰਦੀਸ਼ ਕੌਰ ਗਰੇਵਾਲ
604-496-4967, ਸਰੀ

# ਧੰਨ ਗੁਰੂ ਨਾਨਕ

ਧੰਨ ਗੁਰੂ ਨਾਨਕ ਤੇਰੀ, ਧੰਨ ਵਡਿਆਈ ਏ।
ਅੱਜ ਤੈਨੂੰ ਵਾਜਾਂ ਮਾਰੇ, ਸਾਰੀ ਲੋਕਾਈ ਏ।
ਏਕ ਓਂਕਾਰ ਵਾਲਾ, ਸਬਕ ਤੈਂ ਪੜ੍ਹਾਇਆ ਏ।
ਕਰਨਾ ਹੈ ਸੱਚਾ ਸੌਦਾ, ਅਸਾਨੂੰ ਸਿਖਾਇਆ ਏ।
ਚਾਰੇ ਪਾਸੇ ਰੱਬ ਦੀ ਤੂੰ, ਹੋਂਦ ਵਿਖਾਈ ਏ
ਧੰਨ ਗੁਰੂ ਨਾਨਕ........
ਜੱਗ ਉਤੇ ਮੱਸਿਆ ਦੀ, ਰਾਤ ਕਾਲੀ ਛਾਈ ਸੀ।
ਕੂੜ ਵਾਲੀ ਮੈਲ ਸਾਡੇ , ਦਿਲਾਂ ਉਤੇ ਆਈ ਸੀ।
ਪੁੰਨਿਆਂ ਦੇ ਚੰਨਾਂ ਤੂੰ ਤਾਂ, ਕੀਤੀ ਰੁਸ਼ਨਾਈ ਏ
ਧੰਨ ਗੁਰੂ ਨਾਨਕ .........
ਕੌਡੇ ਜਿਹੇ ਰਾਖਸ਼, ਮੁਰੀਦ ਤੇਰੇ ਹੋ ਗਏ।
ਠਗਾਂ ਕੀਤੇ ਸਜਦੇ ਜਾਂ, ਦੀਦ ਤੇਰੇ ਹੋ ਗਏ।
ਤਪਦੀ ਲੋਕਾਈ ਨੂੰ ਤੂੰ, ਠੰਢ ਵਰਤਾਈ ਏ
ਧੰਨ ਗੁਰੂ ਨਾਨਕ .........
ਜਾਤ ਪਾਤ ਵਾਲਾ ਭੇਦ, ਜੱਗ 'ਚੋਂ ਮਿਟਾਇਆ ਏ।
ਭਰਮਾਂ 'ਚੋਂ ਕੱਢ ਸੱਚਾ, ਰਸਤਾ ਦਿਖਾਇਆ ਏ।
ਜੋਗੀਆਂ ਤੇ ਸਿੱਧਾਂ ਸੰਗ, ਗੋਸ਼ਟਿ ਰਚਾਈ ਏ
ਧੰਨ ਗੁਰੂ ਨਾਨਕ .........
ਬਾਣੀ ਵਾਲੇ ਬਾਣ ਤੇਰੇ, ਜੱਗ ਨੂੰ ਝੁਕਾਇਆ ਸੀ।
ਬਾਬਰ ਜਿਹੇ ਜਾਬਰਾਂ ਵੀ, ਸੀਸ ਨਿਵਾਇਆ ਸੀ।
ਔਰਤ ਦੇ ਹੱਕ 'ਚ, ਅਵਾਜ਼ ਤੂੰ ਉਠਾਈ ਏ
ਧੰਨ ਗੁਰੂ ਨਾਨਕ.........
ਸੱਜਣਾ ਜਿਹੇ ਠੱਗ ਅੱਜ, ਲੁੱਟ ਪਏ ਮਚਾਉਂਦੇ ਨੇ।
ਭਾਗੋਆਂ ਦੇ ਟੋਲੇ ਅੱਜ, ਮਹਿਫਲਾਂ ਸਜਾਉਂਦੇ ਨੇ।
ਲਾਲੋਆਂ ਦੀ 'ਦੀਸ਼' ਏਥੇ, ਨਹੀਉਂ ਸੁਣਵਾਈ ਏ
ਧੰਨ ਗੁਰੂ ਨਾਨਕ .........


Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014

Rakesh Chander
Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com

ੴ ਸਤਿਗੁਰ ਪ੍ਰਸਾਦਿ

# ਸਤਿਗੁਰੂ ਨਾਮਦੇਵ ਮਹਾਰਾਜ ਜੀ ਅਤੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਵਿੱਤਰ ਪ੍ਰਕਾਸ਼ ਪੁਰਬ ਦੀ ਸਮੁੱਚੀ ਮਾਨਵਤਾ ਨੂੰ ਲੱਖ ਲੱਖ ਵਧਾਈ ਹੋਵੇ ਜੀ


ਵੱਲੋਂ

ੴ

## ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

**61-01 Broadway, Woodside NY 11377**

ਸੋਹੰ



ਸ੍ਰੀ ਗੁਰੂ ਨਾਨਕ ਦੇਵ ਜੀ

ਇਤਿਹਾਸ ਗਵਾਹ ਹੈ ਕਿ ਭਾਰਤ ਵਿਚ ਕੁਝ ਅਖੌਤੀ ਧਰਮੀਆਂ ਨੇ ਆਪਣੇ ਆਪ ਨੂੰ ਉੱਤਮ ਜਾਣ ਕੇ ਸਮਾਜ ਵਿਚ ਵੰਡ ਪਾ ਦਿੱਤੀ। ਇਸੇ ਵੰਡ ਨੇ ਅਜਿਹੀ ਨਫਰਤ ਫੈਲਾਈ ਕਿ ਰੱਬ ਦੇ ਨਾਮ ਤੇ ਬਣਾਏ ਰੱਬ ਦੇ ਸਥਾਨਾਂ ਵਿਚੋਂ ਇਹ ਅਖੌਤੀ ਲੋਕ ਰੱਬ ਦੀਆਂ ਰੂਹਾਂ ਨੂੰ ਧੱਕੇ ਦੇਣ ਲੱਗ ਪਏ। ਪਰ ਪਰਮੇਸ਼ਰ ਨੇ ਆਪਣੀ ਕਲਾ ਵਰਤ-ਉਂਦਿਆਂ ਇਹਨਾਂ ਧਰਮ ਦੇ ਠੇਕੇਦਾਰਾਂ ਵੱਲ ਪਿੱਠ ਕਰਕੇ ਆਪਦੇ ਪਿਆਰੇ ਸਤਿਗੁਰੂ ਨਾਮਦੇਵ ਵੱਲ ਮੁਖ ਕਰ ਸੰਸਾਰ ਵਿਚ ਇਹ ਪ੍ਰਗਟ ਕਰ ਦਿੱਤਾ ਕਿ ਇਨਸਾਨ ਜਾਤ ਕਰਕੇ ਉਚਾ-ਨੀਵਾਂ ਨਹੀਂ ਹੁੰਦਾ, ਕਰਮਾਂ ਕਰਕੇ ਪਰਮੇਸਰ ਦੀ ਕਚਹਿਰੀ ਵਿਚ ਪਹਿਚਾਣ ਬਣਦੀ ਹੈ। ਫਿਰ ਸਮਾਂ ਪੈ ਕੇ ਸੰਸਾਰ ਵਿਚ ਜਦੋਂ ਇਸੇ ਝੂਠ ਨੇ ਫਿਰ ਪੈਰ ਪਸਾਰੇ ਤਾਂ ਪਰਮੇਸਰ ਨੇ ਸਤਿਗੁਰੂ ਨਾਨਕ ਦੇਵ ਦੇ ਰੂਪ ਵਿਚ ਪ੍ਰਗਟ ਹੋ ਕੇ ਮਨੁੱਖਤਾ ਨੂੰ ਗਲ਼ ਨਾਲ ਲਾ ਕੇ ਇਸ ਸੰਸਾਰ ਤੋਂ ਪਾਰ ਹੋਣ ਦਾ ਰੱਬੀ ਰਾਹ ਦਿਖ-ਾਇਆ। ਅੱਜ ਧੰਨ ਗੁਰੂ ਗ੍ਰੰਥ ਸਾਹਿਬ ਵਿਚ ਬੈਠੇ ਦੋਵੇਂ ਮਹਾਂਪੁਰਸ਼ਾਂ ਦੀ ਅਤੁਟ ਦੋਸਤੀ ਨੇ ਸੱਚ ਦਾ ਹੋਕਾ ਦਿੰਦਿਆਂ ਮਾਨਵਤਾ ਨੂੰ ਰੱਬ ਦੀ ਯਾਦ ਵਿਚ ਕਿਵੇਂ ਜੁੜਨਾ ਹੈ, ਇਹ ਸਮਝਾਇਆ। ਸਤਿਗੁਰਾਂ ਦੇ ਪਵਿੱਤਰ ਮਹਾਨ ਪੁਰਬਾਂ ਤੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇ ਵਿਖੇ ਗੁਰੂ ਘਰ ਦੇ ਪ੍ਰਬੰਧਕੀ ਸੇਵਾਦਾਰਾਂ ਵੱਲੋਂ ਸੰਗਤ ਦੇ ਸਹਿਯੋਗ ਨਾਲ 15, 16, 17 ਨਵੰਬਰ ਤਿੰਨ ਦਿਨ ਦੇ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ। 15, 16 ਦੀ ਰਾਤ 6 ਤੋਂ 10 ਵਜੇ ਤੱਕ ਅਤੇ 17 ਐਤਵਾਰ ਦਿਨ ਦਾ ਦੀਵਾਨ ਸਜੇਗਾ।



ਸ੍ਰੀ ਗੁਰੂ ਰਵਿਦਾਸ ਜੀ

## ਪ੍ਰੋਗਰਾਮ

## ਆਰੰਭ ਸ੍ਰੀ ਅਖੰਡ ਪਾਠ- 15 ਨਵੰਬਰ ਸਵੇਰੇ 10.30 ਵਜੇ
## ਭੋਗ ਸ੍ਰੀ ਅਖੰਡ ਪਾਠ- 17 ਨਵੰਬਰ ਸਵੇਰੇ 10.30 ਵਜੇ
## ਦੀਵਾਨ- ਸਵੇਰੇ 11 ਵਜੇ ਤੋਂ 3 ਵਜੇ ਤੱਕ

### ਗੁਰੂ ਘਰ ਦੇ ਅਹੁਦੇਦਾਰ

ਮੁੱਖ ਸੇਵਾਦਾਰ:
ਸ. ਨਿਰਮਲ ਸਿੰਘ 347-538-8296
ਕੈਸ਼ੀਅਰ: ਭੋਲਾ ਕਲੇਰ 917-405-1168
ਜਨਰਲ ਸਕੱਤਰ:
ਪਰਮਜੀਤ ਲਾਲ 917-854-8628

### ਗੁਰੂ ਕੇ ਲੰਗਰ ਅਤੁੱਟ ਵਰਤਣਗੇ

24 ਤਾਰੀਖ ਦਿਨ ਐਤਵਾਰ ਨੂੰ ਧਾਰਮਿਕ ਫਿਲਮ 'ਰਬਾਰਬ ਤੋਂ ਨਗਾਰੇ ਤੱਕ' ਦਿਖਾਈ ਜਾਵੇਗੀ।
ਸੰਗਤਾਂ ਦੇ ਦਰਸ਼ਨਾਂ ਦੀ ਉਡੀਕ ਵਿਚ
ਗੁਰੂ ਘਰ ਦੇ ਪ੍ਰਬੰਧਕੀ ਸੇਵਾਦਾਰ

### ਪਹੁੰਚ ਰਹੇ ਕੀਰਤਨੀ ਕਥਾਵਾਚਕ ਢਾਡੀ

ਬੀਬੀ ਜਸਵਿੰਦਰ ਕੌਰ ਖਾਲਸਾ
ਭਾਈ ਮੁਖਤਿਆਰ ਸਿੰਘ
ਭਾਈ ਗੁਰਨਾਮ ਸਿੰਘ ਭੰਡਾਲ, ਯੂਬਾ ਸਿਟੀ ਵਾਲੇ

## ਗੁਰੂ ਘਰ ਦਾ ਸੰਪਰਕ ਨੰਬਰ

## 718- 898- 8150 ਫੈਕਸ- 718-898-0932

# Shri Guru Ravidass Temple New York

ਸਤਿਗੁਰੂ ਨਾਨਕ ਪ੍ਰਗਟਿਆ
ਮਿਟੀ ਧੁੰਦ ਜੱਗ ਚਾਨਣ ਹੋਇਆ।।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ



ਲੱਖ ਲੱਖ ਵਧਾਈਆਂ

Dilwinder Ralh



Cashier, Shri Guru Ravidass Temple, Yuba City



ਸਤਿਗੁਰੂ ਨਾਨਕ ਪ੍ਰਗਟਿਆ
ਮਿਟੀ ਧੁੰਦ ਜੱਗ ਚਾਨਣ ਹੋਇਆ।।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ

ਲੱਖ ਲੱਖ ਵਧਾਈਆਂ






ਸੰਧਿਆ ਭਾਟੀਆ ਤੇ ਰਾਮ ਸੇਵਕ ਭਾਟੀਆ, ਯੂਬਾ ਸਿਟੀ (ਕੈਲੀਫੋਰਨੀਆ)

ਸਤਿਗੁਰੂ ਨਾਨਕ ਪ੍ਰਗਟਿਆ
ਮਿਟੀ ਧੁੰਦ ਜੱਗ ਚਾਨਣ ਹੋਇਆ।।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ



ਲੱਖ ਲੱਖ ਵਧਾਈਆਂ



ਸ੍ਰੀ ਗੁਰੂ ਨਾਨਕ ਦੇਵ ਜੀ

ਰਾਮ ਮੂਰਤੀ ਸਰੋਏ ਅਤੇ ਸਮੂਹ ਪਰਿਵਾਰ

39039 Paseo Padre ParkwaySuite # 205 Fremont, CA 94538


Office: (510) 742-8120, Fax: (510) 742-8121
ramsaroay@hotmail.com

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜੱਗ ਚਾਨਣ ਹੋਇਆ।।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ

Siddhartha
INTERNATIONAL

ਲੱਖ ਲੱਖ ਵਧਾਈਆਂ






36464 Fremont Blvd, Fremont, CA 94538
Tel 510-792-8500, Fax: 510-792-0101

## ਸਤਿਗੁਰੁ ਨਾਨਕ ਪ੍ਰਗਟਿਆ
## ਮਿਟੀ ਧੁੰਦ ਜੱਗ ਚਾਨਣ ਹੋਇਆ।।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ

## ਲੱਖ ਲੱਖ ਵਧਾਈਆਂ



ਗਿਆਨੀ ਰਵਿੰਦਰ ਸਿੰਘ ਮੱਖਣ ਸਿੰਘ ਬੈਂਸ



Toll Free 1-866-FOR-RAJA
www.rajasweets.com
msbains@rajasweets.com

**Raja™ SWEETS & CATERING®**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

**Fresh Sweets, Snacks & Food**

Catering for All occasions up to 10000 guests

Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com